# 11
# ਪਰਨੇ ਤੋਂ ਸਬਕ
## (ਯੂਹੰਨਾ 13:1-17)

ਆਪਣੀ ਪੂਰੀ ਸੇਵਕਾਈ ਦੌਰਾਨ ਯਿਸੂ ਆਪਣੀ ਸਵਰਗੀ ਸਮੇਂ-ਸਾਰਣੀ ਬਾਰੇ ਬਹੁਤ ਚੌਕਸ ਰਿਹਾ। ਜਦ ਉਹਦੀ ਮਾਂ ਨੇ ਉਹਨੂੰ ਇਕ ਮੋਅਜਜ਼ਾ ਕਰਨ ਲਈ ਆਖਿਆ, ਤਾਂ ਉਸ (ਯਿਸੂ) ਨੇ ਕਿਹਾ, ''ਮੇਰਾ ਸਮਾਂ ਅਜੇ ਨਹੀਂ ਆਇਆ'' (ਯੂਹੰਨਾ 2:4)। ਉਹਦੀ ਸੇਵਕਾਈ ਦੌਰਾਨ, ਅਨੇਕਾਂ ਵਾਰ ਉਸ ਦੇ ਵੈਰੀ ਉਸ ਨੂੰ ਫੜ੍ਹ ਨਾ ਸਕੇ; ਕਿਉਂਕਿ ''ਉਸ ਦਾ ਵੇਲਾ ਅਜੇ ਨਹੀਂ ਆਇਆ ਸੀ'' (ਯੂਹੰਨਾ 7:30; 8:20)। ਯਿਸੂ ਦੀ ਨਿੱਜੀ ਸੇਵਕਾਈ ਦੇ ਆਖ਼ਰੀ ਦਿਨਾਂ ਤਕ ਪਹੁੰਚ ਕੇ ਅਸੀਂ ਵੇਖਦੇ ਹਾਂ ਕਿ ਬਾਰ-ਬਾਰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ''ਉਹ ਘੜੀ'' ਆ ਪਹੁੰਚੀ ਹੈ।

> ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ''*ਵੇਲਾ ਆ ਪੁੱਜਿਆ ਹੈ* ਜੋ ਮਨੁੱਖ ਦੇ ਪੁੱਤਰ ਦੀ ਵਡਿਆਈ ਕੀਤੀ ਜਾਵੇ'' (ਯੂਹੰਨਾ 12:23)।
>
> ਪਸਾਹ ਦੇ ਤਿਉਹਾਰ ਤੋਂ ਪਹਿਲਾਂ ਯਿਸੂ ਨੇ ਇਹ ਜਾਣ ਕੇ ਭਈ *ਮੇਰੀ ਘੜੀ ਆ ਪਹੁੰਚੀ ਹੈ* ਜਾਂ ਮੈਂ ਜਗਤ ਨੂੰ ਛੱਡ ਕੇ ਪਿਤਾ ਦੇ ਕੋਲ ਜਾਵਾਂ, ... (ਯੂਹੰਨਾ 13:1)।
>
> ''ਯਿਸੂ ਨੇ ਇਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ, ਹੇ ਪਿਤਾ! *ਘੜੀ ਆ ਪਹੁੰਚੀ ਹੈ।...*'' (ਯੂਹੰਨਾ 17:1)

ਸਾਡਾ ਇਹ ਪਾਠ ਯੂਹੰਨਾ 13 ਅਧਿਆਇ ਵਿੱਚੋਂ ਲਿਆ ਗਿਆ ਹੈ। ਯਿਸੂ ਚੰਗੀ ਤਰ੍ਹਾਂ ਜਾਣਦਾ ਸੀ ਕਿ ਹੁਣ ਸਲੀਬ ਦਾ ਪਰਛਾਂਵਾਂ ਲੰਮੇ ਤੋਂ ਲੰਮਾ ਹੁੰਦਾ ਜਾ ਰਿਹਾ ਹੈ। ਉਹਨੇ ਧਰਤੀ ਤੇ ਹੋਰ ਪੰਦਰਾਂ ਤੋਂ ਵੀ ਘੱਟ ਦਿਨ ਰਹਿਣਾ ਸੀ। ਉਹ ''ਘੜੀ'' ਆਉਣ ਤੋਂ ਪਹਿਲਾਂ ਯਿਸੂ ਨੇ ਆਪਣੇ ਚੇਲਿਆਂ ਨੂੰ ਬਹੁਤ ਸਾਰੀਆਂ ਗੱਲਾਂ ਦੱਸਣੀਆਂ ਸਨ। ਲੋਕਾਂ ਵਿਚ ਪ੍ਰਚਾਰ ਕਰਨਾ ਉਹਨੇ ਘੱਟ ਕਰ ਦਿੱਤਾ ਸੀ, ਪਰ ਉਸ ਕਮਰੇ ਦੀ ਨਜ਼ਦੀਕੀ ਵਿਚ ਆਪਣੇ ਚੇਲਿਆਂ ਨੂੰ ਇਕੱਠਾ ਕਰਕੇ ਯਿਸੂ ਉਨ੍ਹਾਂ ਨਾਲ ਮਹੱਤਵਪੂਰਨ ਸੱਚਾਈਆਂ ਬਾਰੇ ਕੁਝ ਗੱਲਾਂ ਕਰਨਾ ਚਾਹੁੰਦਾ ਸੀ। ਮੱਤੀ, ਮਰਕੁਸ ਅਤੇ ਲੂਕਾ ਨੇ ਵੀ ਪ੍ਰਭੂ-ਭੋਜ ਦੀ ਤਿਆਰੀ; ਯਿਸੂ ਦੇ ਫੜਵਾਏ ਜਾਣ ਦੀ ਭਵਿੱਖਵਾਣੀ, ਪ੍ਰਭੂ ਭੋਜ ਦੀ ਸਥਾਪਨਾ ਵਰਗੇ ਇਨ੍ਹਾਂ ਨਿੱਜੀ ਪਲਾਂ ਦੇ ਬਾਰੇ ਵਿਸਤਾਰ ਨਾਲ ਦੱਸਿਆ ਹੈ। ਬਾਅਦ ਵਿਚ ਯੂਹੰਨਾ ਨੇ ਲਿਖਣ ਲੱਗਿਆਂ ਉਹਨਾਂ ਗੱਲਾਂ ਨੂੰ ਨਹੀਂ ਦੁਹਰਾਇਆ, ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਘਟਨਾਵਾਂ ਭਾਈਆਂ ਦੇ ਪ੍ਰਭੂ ਭੋਜ ਵਿਚ ਸ਼ਾਮਲ ਹੋਣ ਤੇ ਦੁਹਰਾਈਆਂ

ਜਾਂਦੀਆਂ ਸਨ। ਇਸ ਦੇ ਉਲਟ ਯੂਹੰਨਾ ਨੇ ਯਿਸੂ ਦੀ ਆਪਣੇ ਚੇਲਿਆਂ ਨਾਲੋਂ ਹੋਈ ਜੁਦਾਈ ਦੀ ਲੰਮੀ ਗੱਲ-ਬਾਤ ਦੱਸੀ ਹੈ (ਅਧਿਆਇ 13-16), ਜੋ ਆਪਣੇ ਚੇਲਿਆਂ ਨਾਲ ਯਿਸੂ ਦੀ ਹੋਈ ਦਿਲਟੁੰਬਵੀਂ ਪ੍ਰਾਰਥਨਾ ਨਾਲ ਸਮਾਪਤ ਹੁੰਦੀ ਹੈ (ਅਧਿਆਇ 17)।

ਇਸ ਪਾਠ ਦੇ ਸ਼ੁਰੂ ਵਿਚ ਚੇਲੇ ਯਿਸੂ ਦੇ ਦੁੱਖ ਦਾ ਇਕ ਸ਼ਬਦ ਵੀ ਸੁਣਨ ਦੀ ਹਾਲਤ ਵਿਚ ਨਹੀਂ ਸਨ। ਇਸ ਲਈ ਅਧਿਆਇ 13 ਯਿਸੂ ਦੁਆਰਾ ਚੇਲਿਆਂ ਦੇ ਪੈਰ ਧੋਣ ਦੀ ਘਟਨਾ ਤੋਂ ਸ਼ੁਰੂ ਹੁੰਦਾ ਹੈ, ਜਿਸ ਵਿਚ ਯਿਸੂ ਨੇ ਉਨ੍ਹਾਂ ਨੂੰ ''ਪਰਨੇ ਤੋਂ ਸਬਕ'' ਸਿਖਾਏ। ਯਿਸੂ ਉਨ੍ਹਾਂ ਅੱਗੇ ਜਿਹੜੀ ਚੁਣੌਤੀ ਰੱਖਣ ਵਾਲਾ ਸੀ, ਉਹਦੇ ਇਹ ਸਬਕ ਸਿੱਖਣਾ ਚੇਲਿਆਂ ਲਈ ਜ਼ਰੂਰੀ ਸੀ। ਤੁਹਾਨੂੰ ਅਤੇ ਮੈਨੂੰ ਵੀ ਅੱਜ ਉਸ ਚੁਣੌਤੀ ਲਈ ਜਿਹੜੀ ਯਿਸੂ ਦਿੰਦਾ ਹੈ ਤਿਆਰ ਹੋਣਾ ਜ਼ਰੂਰੀ ਹੈ।

## ਅਧੀਨਤਾ ਦਾ ਸਬਕ (ਯੂਹੰਨਾ 13:1-5)

**ਯਿਸੂ ਨੇ ਪਰਨਾ ਚੁੱਕਿਆ**

ਯੂਹੰਨਾ 13-17 ਦਾ ਮੁੱਖ ਵਿਸ਼ਾ ਪ੍ਰੇਮ ਹੈ । ਇਹਨਾਂ ਅਧਿਆਵਾਂ ਵਿਚ ਪ੍ਰੇਮ ਸ਼ਬਦ ਇਕੱਤੀ ਵਾਰ ਆਇਆ ਹੈ । ਯੂਹੰਨਾ 13:1 ਵਿਚ ਇਹਨਾਂ ਸਾਰਿਆਂ ਅਧਿਆਵਾਂ ਦੀ ਅਤੇ ਯਿਸੂ ਦੁਆਰਾ ਚੇਲਿਆਂ ਦੇ ਪੈਰ ਧੋਣ ਦੀ ਘਟਨਾ ਦੀ ਭੂਮਿਕਾ ਹੈ ।

> ਪਸਾਹ ਦੇ ਤਿਉਹਾਰ ਤੋਂ ਪਹਿਲਾਂ, ਜਦ ਯਿਸੂ ਨੇ ਇਹ ਜਾਣ ਲਿਆ ਕਿ ਮੇਰੀ ਘੜੀ ਆ ਪਹੁੰਚੀ ਹੈ ਜਾਂ ਮੈਂ ਇਸ ਜਗਤ ਨੂੰ ਛੱਡ ਕੇ ਪਿਤਾ ਦੇ ਕੋਲ ਜਾਵਾਂ ਆਪਣੇ ਨਿੱਜ ਲੋਕਾਂ ਨਾਲ ਜੋ ਜਗਤ ਵਿਚ ਸਨ, ਪਿਆਰ ਕਰਕੇ ਉਨ੍ਹਾਂ ਨੂੰ ਅੰਤ ਤੋੜੀ ਪਿਆਰ ਕਰਦਾ ਰਿਹਾ ।

ਜੇਕਰ ਤੁਸੀਂ ਓਸੇ ਤਰ੍ਹਾਂ ਪ੍ਰੇਮ ਕਰੋ ਜਿਵੇਂ ਯਿਸੂ ਸਿਖਾਉਂਦਾ ਹੈ, ਤਾਂ ਤੁਸੀਂ ਉਹ ਕੰਮ ਕਰੋਗੇ ਜਿਹਦਾ ਮੁੱਲ ਕੋਈ ਨਹੀਂ ਚੁਕਾ ਸਕਦਾ।[1]

ਆਇਤ 2 ਵਿਚ ਟਿੱਪਣੀ ਦਿੱਤੀ ਗਈ ਹੈ ਕਿ ''ਖਾਣ ਦੇ ਵੇਲੇ ਸ਼ੈਤਾਨ ਸ਼ਮਊਨ ਦੇ ਪੁੱਤਰ ਯਹੂਦਾ ਇਸਕਰਿਯੋਤੀ ਦੇ ਦਿਲ ਵਿਚ ਇਹ ਪਾ ਚੁੱਕਿਆ ਸੀ, ਜੋ ਉਹ ਉਸ ਨੂੰ ਫੜਵਾ ਦੇਵੇ।'' ਇੱਥੇ ਵਿਰਤਾਂਤ ਵਿਚ ਇਹ ਗੱਲ ਕਿਉਂ ਕਹੀ ਗਈ? ਥੋੜ੍ਹੀ ਦੇਰ ਬਾਅਦ ਯਿਸੂ ਯਹੂਦਾ ਸਮੇਤ ਸਭ ਚੇਲਿਆਂ ਦੇ ਪੈਰ ਧੋਣ ਵਾਲਾ ਸੀ। ਯਿਸੂ ਨੂੰ ਯਹੂਦਾ ਦੇ ਪੈਰ ਧੋਂਦੇ ਵੇਖ ਕੇ ਯਾਦ ਰੱਖੋ ਕਿ ਉਸਨੂੰ ਇਸ ਗੱਲ ਦੀ ਪੂਰੀ ਜਾਣਕਾਰੀ ਹੈ, ਕਿ ਯਹੂਦਾ ਕੀ ਕਰਨ ਦਾ ਇਰਾਦਾ ਕਰ ਚੁਕਿਆ ਹੈ।

ਆਇਤ 3 ਦੱਸਦੀ ਹੈ ਕਿ ਯਿਸੂ ਇਹ ਜਾਣ ਕੇ ਭਈ ''ਪਿਤਾ ਨੇ ਸੱਭੋ ਕੁਝ ਮੇਰੇ ਹੱਥ ਵਿਚ ਸੌਂਪਿਆ ਹੈ ਅਤੇ ਮੈਂ ਪ੍ਰਮੇਸ਼ਵਰ ਦੇ ਕੋਲੋਂ ਆਇਆ ਹਾਂ ਅਤੇ ਪ੍ਰਮੇਸ਼ਵਰ ਦੇ ਕੋਲ ਜਾਂਦਾ ਹਾਂ'' ਇਹ ਗੱਲਾਂ ਕੀਤੀਆਂ। ਯਿਸੂ ਸੇਵਕ ਬਣ ਸਕਿਆ, ਕਿਉਂਕਿ ਉਹ ਜਾਣਦਾ ਸੀ ਕਿ ਉਹ ਕੌਣ ਹੈ ਅਤੇ ਕਿੱਥੇ ਜਾ ਰਿਹਾ ਹੈ। ਬਰੀਚਨ-ਫਾਕਨੇਰ ਦੀ ''ਮੈਰਿਜ ਇਨਰਿਚਮੈਂਟ'' ਨਾਮਕ ਫ਼ਿਲਮ 'ਚ ਇਹ ਗੱਲ ਜ਼ੋਰ ਦੇ ਕੇ ਕਹੀ ਗਈ ਹੈ ਕਿ ਆਪਣੇ ਉੱਤੇ ਯਕੀਨ ਰੱਖਣ ਵਾਲਾ ਵਿਅਕਤੀ ਗੰਦਗੀ ਵੀ ਸਾਫ਼ ਕਰ ਸਕਦਾ ਹੈ। ਇਸ ਦੇ ਉਲਟ ਜਿੰਨ੍ਹਾਂ ਨੂੰ ਆਪਣੇ ਆਪ ਉੱਤੇ ਭਰੋਸਾ ਨਹੀਂ ਹੁੰਦਾ, ਉਹਨਾਂ ਨੂੰ ਲਗਦਾ ਹੈ ਕਿ ਇਸ ਤਰ੍ਹਾਂ ਦੇ ਚੰਗੇ ਕੰਮ ਨਾਲ ਉਨਾਂ ਦੀ ਸ਼ਾਨ ਵਿਚ ਫ਼ਰਕ ਪਵੇਗਾ। ਯਿਸੂ ਆਪਣੇ ਆਪ ਨੂੰ ਜਾਣਦਾ ਸੀ ਇਸੇ ਲਈ ਉਹ ਸੇਵਕ ਬਣ ਸਕਿਆ।

''ਯਿਸੂ ... ਖਾਣੇ ਤੋਂ ਉੱਠਿਆ ਅਰ ਆਪਣੇ ਬਸਤਰ ਲਾਹ ਛੱਡੇ ਅਰ ਪਰਨਾ ਲੈ ਕੇ ਆਪਣਾ ਲੱਕ ਬੰਨ੍ਹਿਆ'' (ਆਇਤ 3, 4)। ਯਿਸੂ ਅਤੇ ਉਹਦੇ ਚੇਲੇ ਉਵੇਂ ਨਹੀਂ ਬੈਠੇ ਸਨ ਜਿਵੇਂ ਡਾਵਿੰਸੀ ਦੇ ਪ੍ਰਸਿੱਧ ਚਿੱਤਰ, 'ਦ ਲਾਸਟ ਸੱਪਰ' ਵਿਚ ਵਿਖਾਇਆ ਗਿਆ ਹੈ ਯਾਨੀ ਉਹ ਖਾਣੇ ਦੀ ਵੱਡੀ ਸਾਰੀ ਮੇਜ਼ ਉੱਤੇ ਪਿੱਛੇ ਗੱਦੀਦਾਰ ਕੁਰਸੀਆਂ ਉੱਤੇ ਨਹੀਂ ਬੈਠੇ ਸਨ। ਸਗੋਂ ਉਹ ਤਾਂ ਆਪਣੇ ਆਪਣੇ ਹੇਠਾਂ, ਪਾਸੇ ਪਈ ਚਟਾਈ ਜਾਂ ਗਲੀਚੇ ਉੱਤੇ, ਖੱਬੀ ਕੁਹਣੀ ਦੀ ਢਾਸਣਾ[2] ਲਾਏ ਹੋਏ ਸੱਜੇ ਹੱਥ ਨਾਲ ਖਾ ਰਹੇ ਸਨ।[3] ਉਹ ਰੋਟੀ ਦੇ ਟੁਕੜੇ ਕਰਕੇ ਆਪਣੇ ਸਾਹਮਣੇ ਰੱਖੇ ਹੋਏ ਪਿਆਲਿਆਂ 'ਚ ਡੁਬੋ ਕੇ ਮੂੰਹ ਵਿਚ ਪਾ ਰਹੇ ਸਨ। ਇਸ ਤਸਵੀਰ ਦੀ ਕਲਪਨਾ ਕਰਨ ਤੇ ਯਿਸੂ ਅਤੇ ਉਸ ਦੇ ਬਾਰਾਂ ਚੇਲੇ ਚੌਂਕੀ ਵਰਗੇ ਨੀਵੇਂ ਮੇਜ਼ ਦੇ ਆਲੇ-ਦੁਆਲੇ ਇਕ ਦੂਜੇ ਨਾਲ ਇਵੇਂ ਜੁੜੇ[4] ਲੱਗਣਗੇ ਕਿ ਹਰ ਕਿਸੇ ਦੇ ਪੈਰ ਦੂਸਰੇ ਦੇ ਮੂੰਹ ਤੋਂ ਜ਼ਿਆਦਾ ਦੂਰ ਨਾ ਹੋਣ। ਇਸੇ ਸਥਿਤੀ ਵਿਚ ਯਿਸੂ ਚੌਂਕੀ ਤੋਂ ਉੱਠਿਆ ਅਤੇ ਚੇਲਿਆਂ ਦੇ ਪੈਰ ਧੋਣ ਲਈ ਤਿਆਰ ਹੋਇਆ।

ਉਹਨਾਂ ਦਿਨਾਂ ਵਿਚ ਪੈਰ ਧੋਣਾ ਸਮਾਜ ਦਾ ਇਕ ਜ਼ਰੂਰੀ ਹਿੱਸਾ ਸੀ। ਜਦ ਕਿਸੇ ਨੂੰ ਖਾਣੇ ਲਈ ਸੱਦਿਆ ਜਾਂਦਾ ਸੀ ਤਾਂ ਉਹ ਸਿਰ ਤੋਂ ਪੈਰਾਂ ਤਕ ਨਹਾ ਕੇ ਹੀ ਖਾਣਾ ਸ਼ੁਰੂ ਕਰਦਾ ਸੀ। ਪਰ ਫ਼ਲਸਤੀਨ ਦੇ ਪਹੇ ਬਹੁਤ ਗੰਦੇ ਸਨ ਉਨ੍ਹਾਂ ਵਿਚ ਗੰਦ-ਮੰਦ ਪਿਆ ਰਹਿੰਦਾ ਸੀ (ਯਾਦ ਰੱਖੋ ਕਿ ਜਾਨਵਰ ਵੀ ਇਨ੍ਹਾਂ ਪਹਿਆਂ ਤੋਂ ਹੀ ਲੰਘਦੇ ਸਨ)। ਮੀਂਹ ਪੈਣ ਤੇ ਖੋਭਾ ਹੋ ਜਾਂਦਾ ਸੀ। ਸਭ ਲੋਕ ਵੱਧਰੀ ਵਾਲੀ ਜੁੱਤੀ ਹੀ ਪਾਉਂਦੇ ਸਨ, ਕਿਸੇ ਦੇ ਘਰ ਪਹੁੰਚਣ ਤਕ ਮਹਿਮਾਨ ਸਿਰ ਤੋਂ ਗੋਡਿਆਂ ਤਕ ਤਾਂ ਸਾਫ਼ ਰਹਿ ਸਕਦਾ ਸੀ, ਪਰ ਉਸ ਦੇ ਪੈਰ ਅਤੇ ਗਿੱਟੇ ਗੰਦੇ ਹੋ ਹੀ ਜਾਂਦੇ ਸਨ। ਸਿਆਣਾ ਮੇਜ਼ਬਾਨ ਆਪਣੇ ਘਰ ਦੇ ਦਰਵਾਜ਼ੇ ਕੋਲ ਪਾਣੀ ਦੇ ਭਰੇ ਇਕ ਵੱਡੇ ਮੱਟ ਦੇ ਨਾਲ ਇਕ ਮੱਘ, ਇਕ ਤਸਲਾ ਅਤੇ ਪਰਨਾ ਜ਼ਰੂਰ ਰੱਖਦਾ ਸੀ।[5] ਘਰ ਵਿਚ ਦਾਖਲ ਹੋਣ ਵਾਲਾ ਵਿਅਕਤੀ ਆਪਣੀ ਜੁੱਤੀ ਉਤਾਰ ਦਿੰਦਾ[6] ਅਤੇ ਕੋਈ ਜਣਾ ਉਸਦੇ ਪੈਰ ਧੋਂਦਾ। ਆਮ ਤੌਰ ਤੇ ਇਹ ਕੰਮ ਕੋਈ ਦਾਸ ਹੀ ਕਰਦਾ ਸੀ ਕਿਉਂਕਿ ਇਹ ਬਹੁਤ ਹੀ ਹੀਣ ਕੰਮ ਸਮਝਿਆ ਜਾਂਦਾ ਸੀ। ਐਨਾ ਹੀਣ ਕਿ ਕਿਸੇ ਇਬਰਾਨੀ ਦਾਸ ਨੂੰ ਇਹ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾਂਦਾ ਸੀ। ਸਿਰਫ਼ ਗੈਰ ਯਹੂਦੀ ਦਾਸਾਂ ਜਾਂ ਗੁਲਾਮਾਂ ਨੂੰ ਹੀ ਇਹ ਕੰਮ ਕਰਨ ਲਈ ਆਖਿਆ ਜਾਂਦਾ ਸੀ। ਮਹਿਮਾਨਾਂ ਦੇ ਪੈਰ ਧੋਣ ਲਈ ਨੌਕਰ ਨਾ ਹੋਣ ਤੇ ਸਿਆਣਾ ਮੇਜ਼ਬਾਨ ਆਪੇ ਹੀ ਇਹ ਕੰਮ ਕਰਦਾ ਸੀ। ਮੇਜ਼ਬਾਨ ਦੇ ਨਾ ਹੋਣ ਤੇ (ਜਿਵੇਂ ਉਸ ਚੁਬਾਰੇ ਵਿਚ), ਮਹਿਮਾਨ ਹੀ ਇਕ ਦੂਸਰੇ ਦੇ ਪੈਰ ਧੋ ਦਿੰਦੇ ਸਨ। ਗੰਦੇ ਪੈਰਾਂ ਨਾਲ ਖਾਣ ਬੈਠਣ ਦੀ ਗੱਲ ਕੋਈ ਸੋਚ ਵੀ ਨਹੀਂ ਸਕਦਾ ਸੀ।

ਫਿਰ, ਇਨ੍ਹਾਂ ਕੋਲ-ਕੋਲ ਬੈਠੇ ਚੇਲਿਆਂ ਦੇ ਪੈਰ ਗੰਦੇ ਕਿਉਂ ਸਨ? ਲੂਕਾ ਸਾਨੂੰ ਦੱਸਦਾ ਹੈ ਕਿ ਜਦ ਉਹ ਖਾ ਰਹੇ ਸਨ ਤਾਂ ''ਉਨ੍ਹਾਂ ਵਿਚ ਇਕ ਤਕਰਾਰ ਵੀ ਹੋਇਆ ਭਈ ਸਾਡੇ ਵਿੱਚੋਂ ਕੌਣ ਵੱਡਾ ਕਰਕੇ ਮੰਨੀਦਾ ਹੈ'' (ਲੂਕਾ 22:24)। ਕੀ ਤੁਹਾਨੂੰ ਇਨ੍ਹਾਂ ਦੀ ਅਵਾਜ਼ ਨਹੀਂ ਸੁਣਾਈ ਦੇ ਸਕਦੀ? ਅੰਦ੍ਰਿਆਸ ਕਹਿੰਦਾ ਹੈ, ''ਮੈਂ ਸਭਨਾਂ ਨਾਲੋਂ ਵੱਧ ਪਿਆਰਾ ਹਾਂ।'' ਯਹੂਦਾ ਕਹਿੰਦਾ ਹੈ, ''ਮੇਰੇ ਕੋਲ ਧਨ ਦੀ ਥੈਲੀ ਹੁੰਦੀ ਹੈ।'' ਪਤਰਸ ਕਹਿੰਦਾ ਹੈ, ''ਮੈਨੂੰ ਰਾਜ ਦੀਆਂ ਕੁੰਜੀਆਂ ਦਿੱਤੀਆਂ ਗਈਆਂ ਹਨ!'' ਸਾਰਾ ਕਮਰਾ ਘਮੰਡੀ ਮਨਾਂ ਅਤੇ ਗੰਦੇ ਪੈਰਾਂ ਨਾਲ ਭਰਿਆ ਪਿਆ ਸੀ ।ਉਹ ਗੱਦੀ ਲਈ ਝਗੜਨ ਨੂੰ ਤਾਂ ਤਿਆਰ ਸਨ, ਪਰ ਪਰਨੇ ਲਈ ਨਹੀਂ। ਉਹ ਉੱਥੇ ਇਸ ਤਰ੍ਹਾਂ ਪਏ ਹੋਏ ਸਨ, ਜਿਵੇਂ ਹਰ ਕਿਸੇ ਦਾ ਮੂੰਹ ਦੂਸਰੇ ਦੇ ਪੈਰਾਂ ਦੀ ਗੰਦਗੀ ਨਾਲ ਗੰਦਾ ਹੋਇਆ ਹੋਵੇ ।

ਇਹ ਇਨ੍ਹਾਂ ਸ਼ਬਦਾਂ ਦੀ ਪਿੱਠਭੂਮੀ ਹੈ: ''ਯਿਸੂ ਖਾਣੇ ਤੋਂ ਉੱਠਿਆ, ਅਤੇ ਆਪਣੇ ਕੱਪੜੇ

ਉਤਾਰ ਲਏ ਅਤੇ ਪਰਨਾ ਲੈ ਕੇ ਆਪਣਾ ਲੱਕ ਬੰਨ੍ਹਿਆ'' (ਆਇਤਾਂ 3,4)। ਯਿਸੂ ਨੇ ਉੱਠਕੇ ਆਪਣੇ ਬਾਹਰੀ (ਯਾਨੀ ਉੱਪਰਲੇ) ਕੱਪੜੇ ਲਾਹੇ; ਜਿਵੇਂ ਅਸੀਂ ਆਪਣੇ ਉੱਪਰਲੇ ਕੱਪੜੇ ਉਤਾਰ ਕੇ ਕੰਮ ਕਰਨ ਲਈ ਬਾਹਵਾਂ ਟੰਗ ਲੈਂਦੇ ਹਾਂ।[7] ਫਿਰ ਯਿਸੂ ਨੇ ਇਕ ਪਰਨਾ ਲਿਆ ਅਤੇ ਆਪਣੇ ਲੱਕ ਦੁਆਲੇ ਬੰਨ੍ਹਿਆ। ਇਹ ਇਕ ਲੰਮਾ ਸਾਫ਼ਾ ਸੀ ਜੋ ਕਮਰ ਦੁਆਲੇ ਬੰਨ੍ਹ ਕੇ ਪੈਰ ਧੋਣ ਦੇ ਬਾਅਦ ਪੂੰਝਣ ਲਈ ਲਮਕਾਇਆ ਹੁੰਦਾ ਸੀ।[8]

''ਫਿਰ ਥਾਲੀ ਵਿਚ ਜਲ ਪਾ ਕੇ ਉਹ ਚੇਲਿਆਂ ਦੇ ਪੈਰ ਧੋਣ ਅਤੇ ਉਸ ਪਰਨੇ ਨਾਲ ਜਿਹੜਾ ਬੱਧਾ ਹੋਇਆ ਸੀ ਪੂੰਝਣ ਲੱਗਾ'' (ਆਇਤ 5)। ਝੁਕ ਕੇ ਯਿਸੂ ਦੇ ਆਪਣੇ ਚੇਲਿਆਂ ਦੇ ਪੈਰ ਧੋਣ ਦੀ ਕਲਪਨਾ ਕਰੋ।[9] ਕੌਣ ਵੱਡਾ ਹੈ ਦੀ ਉਨ੍ਹਾਂ ਦੀ ਬਹਿਸ ਬੰਦ ਹੋ ਜਾਂਦੀ ਹੈ; ਘੁਸਰ ਮੁਸਰ ਰੁਕ ਜਾਂਦੀ ਹੈ; ਸਭ ਚੁੱਪ ਹੋ ਜਾਂਦੇ ਹਨ। ਸਿਰਫ਼ ਯਿਸੂ ਦੁਆਰਾ ਉਹਨਾਂ ਦੇ ਪੈਰ ਧੋਣ ਲਈ ਪਾਣੀ ਪਾਉਣ, ਪੈਰਾਂ ਤੇ ਪਾਣੀ ਪੈਣ, ਪਰਨੇ ਦੀ ਰਗੜ, ਗੰਦੇ ਪਾਣੀ ਦੇ ਬਾਹਰ ਸੁੱਟਣ ਅਤੇ ਤਾਜ਼ੇ ਪਾਣੀ ਦੇ ਤਸਲੇ ਵਿਚ ਪਾਉਣ, ਅਤੇ ਯਿਸੂ ਦੇ ਤੇਜ਼ ਸਾਹ ਲੈਣ ਦੀ ਅਵਾਜ਼ ਹੀ ਆਉਂਦੀ ਹੈ। ਥੋੜ੍ਹੀ ਦੇਰ ਤਕ ਚੇਲਿਆਂ ਦੇ ਡੌਰ-ਭੌਰ ਹੋ ਕੇ ਇਕ ਦੂਸਰੇ ਵੱਲ ਵੇਖਣ ਅਤੇ ਬਾਅਦ ਵਿਚ ਸ਼ਰਮ ਨਾਲ ਆਪਣਾ ਸਿਰ ਝੁਕਾ ਲੈਣ ਦੀ ਕਲਪਨਾ ਕਰ ਸਕਦੇ ਹਾਂ।

ਯਿਸੂ ਆਪਣੇ ਚੇਲਿਆਂ ਤੋਂ ਕਿਸੇ ਅਜਿਹੀ ਗੱਲ ਦੀ ਆਸ ਨਹੀਂ ਕਰਦਾ ਜੋ ਉਹਨੇ ਖੁਦ ਨਾ ਕੀਤੀ ਹੋਵੇ ਜਾਂ ਉਹ ਕਰਨਾ ਨਾ ਚਾਹੁੰਦਾ ਹੋਵੇ।

ਹਰ ਇਕ ਚੇਲੇ ਦੇ ਇਕ-ਇਕ ਕਰਕੇ ਪੈਰ ਧੋ ਕੇ ਯਿਸੂ ਆਪਣੇ ਚੇਲਿਆਂ ਨੂੰ ਸੇਵਕ ਬਣਨਾ ਸਿਖਾ ਰਿਹਾ ਸੀ। ਉਹ ਆਖ ਰਿਹਾ ਸੀ, ''ਜੇਕਰ ਤੁਸੀਂ ਮੇਰੇ ਚੇਲੇ ਬਣਨਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਹਲੀਮ ਬਣਾਓ।''

ਯਿਸੂ ਨੇ ਸਵਰਗ ਤੋਂ ਆ ਕੇ ''ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖ ਦੀ ਸ਼ਕਲ ਵਿਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ...'' (ਫ਼ਿਲਿੱਪੀਆਂ 2:7, 8) । ਆਪਣੇ ਜੀਵਨ ਉਦੇਸ਼ (ਮਿਸ਼ਨ) ਦੇ ਬਾਰੇ ਦੱਸਦਿਆਂ ਯਿਸੂ ਨੇ ਕਿਹਾ, ''ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ, ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮੱਤੀ 20:28)। ਜਦ ਚੇਲੇ ਬਹਿਸ ਕਰ ਰਹੇ ਸਨ, ਕਿ ਉਨ੍ਹਾਂ ਵਿਚ ਵੱਡਾ ਕੌਣ ਹੈ, ਤਾਂ ਉਸਨੇ ਕਿਹਾ, ''ਪਰ ਮੈਂ ਤੁਹਾਡੇ ਵਿਚ ਟਹਿਲੂਏ ਵਰਗਾ ਹਾਂ'' (ਲੂਕਾ 22:27)।

### ਸਾਨੂੰ ਵੀ ''ਪਰਨਾ ਚੁੱਕਣਾ'' ਚਾਹੀਦਾ ਹੈ

ਅੱਜ ਅਸੀਂ ਮੂੰਹ ਨਾਲ ਹਲੀਮੀ ਦੀਆਂ ਬੜੀਆਂ-ਬੜੀਆਂ ਗੱਲਾਂ ਕਰਦੇ ਹਾਂ; ਅਸੀਂ ਜਾਣਦੇ ਹਾਂ ਕਿ ਬਾਈਬਲ ਸਾਨੂੰ ਹਲੀਮ ਹੋਣਾ ਸਿਖਾਉਂਦੀ ਹੈ। ਸੱਚ ਤਾਂ ਇਹ ਹੈ ਕਿ ਹਲੀਮੀ ਅਜਿਹਾ ਗੁਣ ਨਹੀਂ ਹੈ ਜਿਸਨੂੰ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਸਲਾਹੁੰਦੇ ਜਾਂ ਉਸਦੀ ਚਾਹ ਕਰਦੇ ਹੋਣ। ''ਹਲੀਮ'' ਅਤੇ ''ਹਲੀਮੀ'' (ਨਿਮਰਤਾ) ਸ਼ਬਦ ਦੋਵੇਂ ਇਕ ਹੀ ਮੂਲ ਸ਼ਬਦ ਤੋਂ ਬਣੇ ਹਨ। ਤੁਸੀਂ ਕਿਸੇ ਨੂੰ ਇਹ ਕਹਿੰਦਿਆਂ ਸੁਣਿਆ ਹੋਵੇਗਾ, ''ਮੈਂ ਜ਼ਿੰਦਗੀ ਵਿਚ ਕਦੇ ਇੰਨਾ ਬੇਇੱਜ਼ਤ ਨਹੀਂ ਹੋਇਆ!'' ਕੋਈ ਬੇਇੱਜ਼ਤ, ਸ਼ਰਮਿੰਦਾ ਜਾਂ ਪਰੇਸ਼ਾਨ ਹੋਣਾ ਨਹੀਂ ਚਾਹੁੰਦਾ ਪਰ ਇਹਨੂੰ ਸਮਝ ਲਓ ਕਿ ਪੈਰ ਧੋਣ ਦਾ ਅਰਥ ਹਲੀਮ ਹੋਣਾ ਸੀ। ਦੂਸਰਿਆਂ ਦੀ ਸੇਵਾ ਕਰਨਾ ਹਲੀਮ ਅਤੇ ਜ਼ਲੀਲ ਹੋਣਾ ਹੋ ਸਕਦਾ ਹੈ।

ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਸੇਵਕ ਅਖਵਾਉਣ ਤੇ ਕੋਈ ਇਤਰਾਜ਼ ਨਹੀਂ ਹੁੰਦਾ। ''ਪ੍ਰਮੇਸ਼ਵਰ ਦਾ ਮਹਾਨ ਸੇਵਕ'' ਅਖਵਾਉਣ ਤੇ ਅਸੀਂ ਬੜੇ ਖੁਸ਼ ਹੁੰਦੇ ਹਾਂ। ਪਰ ਜੇ ਕੋਈ ਸਾਡੇ ਨਾਲ ਸੇਵਕਾਂ ਵਰਗਾ ਵਿਹਾਰ ਕਰੇ ਤਾਂ ਸਾਨੂੰ ਚੰਗਾ ਨਹੀਂ ਲਗਦਾ। ਨਵੇਂ ਨੇਮ ਦੇ ਸਮੇਂ ਦੌਰਾਨ ਸੇਵਕਾਂ ਨਾਲ ਮਾੜਾ ਸਲੂਕ ਕੀਤਾ ਜਾਂਦਾ ਸੀ ਅਤੇ ਉਹਨਾਂ ਦੀ ਗਲਤ ਵਰਤੋਂ ਕੀਤੀ ਜਾਂਦੀ ਸੀ। ਸੇਵਕਾਂ ਦੀ ਤਾਰੀਫ਼ ਨਹੀਂ ਕੀਤੀ ਜਾਂਦੀ ਸੀ। ਸੇਵਕ ਵੱਲੋਂ ਕੰਮ ਮੁਕਾਉਣ ਤੇ, ਤੁਹਾਨੂੰ ਕੀ ਲਗਦਾ ਹੈ ਕਿ ਕਿੰਨੀ ਵਾਰ ਉਸਦਾ ਮਾਲਕ ਉਹਨੂੰ ਸ਼ਾਬਾਸ਼ ਦੇਂਦਾ ਹੋਵੇਗਾ? ''ਸੇਵਕ ਜੀ, ਬਹੁਤ ਮਿਹਰਬਾਨੀ, ਤੁਸੀਂ ਬਹੁਤ ਵਧੀਆ ਕੰਮ ਕੀਤਾ, ਤੁਹਾਡੀ ਮਿਹਰਬਾਨੀ!'' ਜਵਾਬ ਤੁਹਾਨੂੰ ਪਤਾ ਹੀ ਹੈ ਕਿ ਕਿਸੇ ਮਾਲਕ ਨੇ ਕਦੀ ਇਹ ਗੱਲ ਨਹੀਂ ਆਖੀ ਹੋਵੇਗੀ।

ਕੀ ਅਸੀਂ ਸੇਵਕ ਬਣਨ ਲਈ ਤਿਆਰ ਹਾਂ? ਕੀ ਅਸੀਂ ਦੂਸਰਿਆਂ ਦੀ ਸੇਵਾ ਲਈ ਹਲੀਮ ਹੋਣ ਲਈ ਤਿਆਰ ਹਾਂ? ਕੀ ਅਸੀਂ ਅਜਿਹਾ ਕੋਈ ਗੰਦਾ ਕੰਮ ਕਰਨ ਲਈ ਤਿਆਰ ਹਾਂ, ਜੋ ਕੋਈ ਹੋਰ ਨਹੀਂ ਕਰਨਾ ਚਾਹੁੰਦਾ। ਜਦ ਕੋਈ ਸਾਡੀ ਮਦਦ ਲਈ ਤਿਆਰ ਨਹੀਂ ਹੁੰਦਾ, ਕੀ ਤਦ ਵੀ ਅਸੀਂ ਸੇਵਾ ਲਈ ਤਿਆਰ ਹੋਵਾਂਗੇ? ਕੀ ਅਸੀਂ ਸੇਵਾ ਲਈ ਤਿਆਰ ਹਾਂ, ਲੋਕਾਂ ਤੋਂ ਤਾਰੀਫ਼ ਸੁਣਨ ਲਈ ਨਹੀਂ, ਸਗੋਂ ਇਸ ਲਈ ਕਿ ਇਹ ਕਰਨਾ ਠੀਕ ਹੈ?

ਇਸ ਤਰ੍ਹਾਂ ਦੀ ਸੇਵਾ ਕਰਨਾ ਮੁਸ਼ਕਲ ਹੈ। ਕਿਸੇ ਨੇ ਕਿਹਾ ਹੈ ਕਿ ਮਸੀਹੀ ਪਾਠਕ੍ਰਮ ਵਿਚ ਹਲੀਮੀ ਦਾ ਪਾਠ ਸਭ ਤੋਂ ਔਖਾ ਹੈ। ਫਿਰ ਵੀ ਯਿਸੂ ਸਾਨੂੰ ਨਿਮਰਤਾ ਸਿਖਾਉਣਾ ਚਾਹੁੰਦਾ ਹੈ। ਯਿਸੂ ਨੇ ਫ਼ਰੀਸੀਆਂ ਦੇ ਘਮੰਡ ਨਿੰਦਦਿਆਂ ਕਿਹਾ, ''ਪਰ ਉਹ ਜਿਹੜਾ ਤੁਹਾਡੇ ਵਿੱਚੋਂ ਹੋਰਨਾਂ ਨਾਲੋਂ ਵੱਡਾ ਹੈ ਸੋ ਤੁਹਾਡਾ ਟਹਿਲੂਆ ਹੋਵੇ। ਅਤੇ ਜੋ ਕੋਈ ਆਪਣੇ ਆਪ ਨੂੰ ਉੱਚਾ ਕਰੇਗਾ ਸੋ ਨੀਵਾਂ ਕੀਤਾ ਜਾਵੇਗਾ'' (ਮੱਤੀ 23:11,12; ਯਾਕੂਬ 4:6 ਵੀ ਵੇਖੋ)। ਸੰਸਾਰ ਦੇ ਲੋਕ ਵਡਿਆਈ ਚਾਹੁੰਦੇ ਹਨ ਪਰ ਯਿਸੂ ਦੇ ਪਿੱਛੇ ਚੱਲਣ ਵਾਲੇ ਸੇਵਾ ਦਾ ਮੌਕਾ ਭਾਲਦੇ ਹਨ।

## ਪਵਿੱਤਰਤਾਈ ਦਾ ਸਬਕ (ਯੂਹੰਨਾ 13:6-11)

### ਸਾਨੂੰ ਆਤਮਕ ਸ਼ੁੱਧਤਾ ਦੀ ਲੋੜ ਹੈ

ਇਕ-ਇਕ ਕਰਕੇ ਸਭ ਦੇ ਪੈਰ ਧੋਂਦਿਆਂ ਯਿਸੂ ਚੇਲਿਆਂ ਦੇ 13D ਨੰਬਰ ਵਾਲੇ ਪੈਰਾਂ ਤਕ ਆਇਆ।[10] ''ਸੋ ਉਹ ਸ਼ਮਊਨ ਪਤਰਸ ਕੋਲ ਆਇਆ। ਉਹਨੇ ਉਸਨੂੰ ਆਖਿਆ, ਪ੍ਰਭੂ ਜੀ ਤੂੰ ਮੇਰੇ ਪੈਰ ਧੋਂਦਾ ਹੈਂ?'' (ਆਇਤ 6)। ਪਤਰਸ ਨੂੰ ਸਮਝ ਨਹੀਂ ਆਈ ਕਿ ਯਿਸੂ ਕਿਉਂ ਦਾਸ ਵਾਲਾ ਜ਼ਲਾਲਤ ਭਰਿਆ ਕੰਮ ਕਰ ਰਿਹਾ ਹੈ।

''ਯਿਸੂ ਨੇ ਉਹਨੂੰ ਉੱਤਰ ਦਿੱਤਾ, ਜੋ ਮੈਂ ਕਰਦਾ ਹਾਂ, ਸੋ ਤੂੰ ਹੁਣ ਨਹੀਂ ਜਾਣਦਾ, ਪਰ ਇਹਦੇ ਪਿੱਛੋਂ ਸਮਝੇਂਗਾ'' (ਆਇਤ 7)। ਯਿਸੂ ਉਹਨੂੰ ਸਮਝਾ ਰਿਹਾ ਸੀ ਕਿ ''ਮੇਰੀ ਮੌਤ, ਜੀ ਉੱਠਣ, ਸਵਰਗ ਤੇ ਉਠਾਏ ਜਾਣ, ਅਤੇ ਪਵਿੱਤਰ ਆਤਮਾ ਦੇ ਆਉਣ ਦੇ ਬਾਅਦ, ਤੂੰ ਸਮਝ ਜਾਵੇਂਗਾ।''

ਪਰ ਪਤਰਸ ਇਸ ਸਮੇਂ ਨਹੀਂ ਸਮਝ ਸਕਿਆ। ਉਸਨੇ ਉਹਨੂੰ ਕਿਹਾ, ''ਤੈਂ ਮੇਰੇ ਪੈਰ ਕਦੇ ਨਾ ਧੋਣੇ'' (ਆਇਤ 8ੳ)। ਮੂਲ ਭਾਸ਼ਾ ਵਿਚ, ਇਹ ਦੋਹਰਾ ਨਕਾਰਾਤਮਕ ਵਾਕ ਹੈ। ਪੰਜਾਬੀ ਭਾਸ਼ਾ ਵਿਚ ਦੋ ਨਕਾਰਾਤਮਕ ਵਾਕ ਇਕ ਦੂਸਰੇ ਨੂੰ ਕੱਟਦੇ ਹਨ, ਪਰ ਯੂਨਾਨੀ ਭਾਸ਼ਾ 'ਚ ਉਹਨਾਂ ਨਾਲ ਨਕਾਰਾਤਮਕਤਾ ਦਾ ਅਰਥ ਗੂੜ੍ਹਾ ਹੋ ਜਾਂਦਾ ਹੈ, ਪਤਰਸ ਨੇ ਮੂਲ ਵਿਚ ਇਹ

ਕਿਹਾ, ''ਨਾ, ਨਾ ਤੁਸੀਂ ਮੇਰੇ ਪੈਰ ਕਦੀ ਨਹੀਂ, ਧੋਣਾ।''

''ਯਿਸੂ ਨੇ ਉਹ ਨੂੰ ਉਤਰ ਦਿੱਤਾ, ਜੇ ਮੈਂ ਤੈਨੂੰ ਨਾ ਧੋਵਾਂ ਤਾਂ ਮੇਰੇ ਨਾਲ ਤੇਰਾ ਕੋਈ ਹਿੱਸਾ ਨਾ ਹੋਵੇਗਾ'' (ਆਇਤ 8ਅ)। ਜੇ ਪਤਰਸ ਯਿਸੂ ਨੂੰ ਆਪਣੇ ਪੈਰ ਨਾ ਧੋਣ ਦਿੰਦਾ ਤਾਂ ਦੋਵਾਂ ਵਿਚ ਕੋਈ ਸੰਬੰਧ ਨਹੀਂ ਹੋ ਸਕਦਾ ਸੀ।

ਪਤਰਸ ਨੇ ਕਦੀ ਵੀ ਕੋਈ ਕੰਮ ਅਧੂਰਾ ਨਹੀਂ ਕੀਤਾ ਸੀ। ਉਹਨੇ ਝੱਟ ਜਵਾਬ ਦਿੱਤਾ, ''ਪ੍ਰਭੂ ਜੀ ਨਿਰ੍ਹੇ ਪੈਰ ਹੀ ਨਹੀਂ ਸਗੋਂ ਹੱਥ ਅਰ ਸਿਰ ਭੀ ਧੋ'' (ਆਇਤ 9)। ਦੂਸਰੇ ਸ਼ਬਦਾਂ ਵਿਚ ਉਸਦਾ ਕਹਿਣਾ ਸੀ, ''ਠੀਕ ਹੈ ਪ੍ਰਭੂ, ਜੇ ਇਹ ਗੱਲ ਹੈ ਤਾਂ ਆਪਣੇ ਨਾਲ ਮਿਲਾਏ ਰੱਖਣ ਲਈ ਮੈਨੂੰ ਸਿਰ ਤੋਂ ਪੈਰਾਂ ਤਕ ਨਵ੍ਹਾ ਦੇ!''

ਯਿਸੂ ਨੇ ਉਹ ਨੂੰ ਆਖਿਆ, ''ਜਿਹੜਾ ਨਲ੍ਹਾਇਆ ਗਿਆ[11] ਹੈ ਉਹਨੂੰ ਬਿਨਾਂ ਪੈਰ ਧੋਣ ਦੇ ਹੋਰ ਕੁਝ ਲੋੜ ਨਹੀਂ ਸਗੋਂ ਸਾਰਾ ਸ਼ੁੱਧ ਹੈ'' (ਆਇਤ 10ੳ)। ਜਿਵੇਂ ਪਹਿਲਾਂ ਵੀ ਕਿਹਾ ਗਿਆ ਹੈ ਮਹਿਮਾਨ ਖਾਣਾ ਖਾਣ ਜਾਣ ਤੋਂ ਪਹਿਲੇ ਨਹਾ ਲਿਆ ਕਰਦੇ ਸਨ। ਇਸ ਲਈ ਉਨ੍ਹਾਂ ਨੂੰ ਪੂਰੀ ਤਰ੍ਹਾਂ ਸ਼ੁੱਧ ਹੋਣ ਲਈ ਸਿਰਫ਼ ਪੈਰ ਧੋਣ ਦੀ ਹੀ ਲੋੜ ਹੁੰਦੀ ਸੀ। ਪਤਰਸ ਦੇ ਸਰੀਰ ਦੇ ਜਿਸ ਹਿੱਸੇ ਨੂੰ ਧੋਣ ਦੀ ਲੋੜ ਸੀ, ਉਹ ਉਸਦੇ ਪੈਰ ਸਨ।

ਫਿਰ ਯਿਸੂ ਨੇ ਗੁਪਤ ਅਰਥ ਵਾਲੀ ਗੱਲ ਕਹੀ: ''ਅਰ ਤੁਸੀਂ ਸ਼ੁੱਧ ਹੋ, ਪਰ ਸੱਭੇ ਨਹੀਂ'' (ਆਇਤ 10ਅ)। ਮੂਲ ਸੰਦਰਭ ਵਿਚ, ਯਿਸੂ ''ਤੂੰ'' ਲਈ ਇਕ-ਵਚਨ ਵਰਤ ਰਿਹਾ ਸੀ (ਆਇਤ 8), ਪਰ ਆਇਤ 10 ਵਿਚ, ਉਸਨੇ ਬਹੁਵਚਨ ਸ਼ਬਦ ਦੀ ਵਰਤੋਂ ਕੀਤੀ। ਇਸ ਤਰ੍ਹਾਂ ਇਕੱਲੇ ਪਤਰਸ ਨਾਲ ਗੱਲ ਕਰਨਾ ਛੱਡ ਕੇ ਯਿਸੂ ਉਨ੍ਹਾਂ ਸਾਰੇ ਚੇਲਿਆਂ ਨਾਲ ਗੱਲਾਂ ਕਰਨ ਲੱਗਾ। ''ਤੁਸੀਂ ਸ਼ੁੱਧ ਹੋ'' ਉਹਨੇ ਹੱਥ ਨਾਲ ਇਸ਼ਾਰਾ ਕਰਕੇ ਕਿਹਾ। ਫਿਰ ਉਹ ਆਤਮਕ ਗੱਲਾਂ ਵੱਲ ਜ਼ੋਰ ਦੇਣ ਲਈ ਮੁੜਿਆ, ਅਤੇ ਉਦਾਸੀ ਭਰੇ ਸੁਰ ਵਿਚ ਇਹ ਜੋੜ ਕੇ ਇਸ਼ਾਰਾ ਕੀਤਾ, ''ਪਰ ਸੱਭੇ ਨਹੀਂ।''

ਸਾਨੂੰ ਯਿਸੂ ਦੀ ਗੱਲ ਦੇ ਮਤਲਬ ਦੀ ਕਲਪਨਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਅਗਲੀ ਆਇਤ ਵਿਆਖਿਆ ਕਰਦੀ ਹੈ: ''ਉਹ ਤਾਂ ਆਪਣੇ ਫੜਵਾਉਣ ਵਾਲੇ ਨੂੰ ਜਾਣਦਾ ਸੀ ਇਸੇ ਕਰਕੇ ਉਸ ਨੇ ਆਖਿਆ, ਭਈ ਤੁਸੀਂ ਸੱਭੇ ਸ਼ੁੱਧ ਨਹੀਂ ਹੋ'' (ਆਇਤ 11)। ''ਤੁਸੀਂ ਸੱਭੇ ਸ਼ੁੱਧ ਨਹੀਂ ਹੋ'' ਯਹੂਦਾ ਵੱਲ ਇਸ਼ਾਰਾ ਸੀ। ਸ਼ਾਇਦ ਯਹੂਦਾ ਨੂੰ ਤੌਬਾ ਵੱਲ ਲਿਆਉਣ ਲਈ ਯਿਸੂ ਦੀ ਇਹ ਆਖ਼ਰੀ ਕੋਸ਼ਿਸ਼ ਸੀ।

ਪਰ, ਮੈਂ ਜਿਸ ਸਚਾਈ ਤੇ ਜ਼ੋਰ ਦੇਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਚੇਲਿਆਂ ਦੇ ਪੈਰ ਧੋਣ ਨਾਲ ਯਿਸੂ ਦੀ ਦਿਲਚਸਪੀ ਉਨ੍ਹਾਂ ਦੀ ਸਰੀਰਕ ਸ਼ੁੱਧਤਾ ਵਿਚ ਐਨੀ ਨਹੀਂ ਸੀ ਜਿੰਨੀ ਆਤਮਕ ਸ਼ੁੱਧਤਾ ਵਿਚ। ਇਹ ਧਿਆਨ ਵਿਚ ਰੱਖਣ ਤੇ ਸਾਨੂੰ ਆਇਤ 8 ਵਿਚ ਯਿਸੂ ਦੀ ਗੱਲ ''ਜੇ ਤੈਨੂੰ ਨਾ ਧੋਵਾਂ ਤਾਂ ਮੇਰੇ ਨਾਲ ਤੇਰਾ ਕੋਈ ਹਿੱਸਾ ਨਾ ਹੋਵੇਗਾ'' ਦਾ ਗੂੜ੍ਹਾ ਗਹਿਰਾ ਅਰਥ ਮਿਲਦਾ ਹੈ। ਰੂਹਾਨੀ ਤੌਰ ਤੇ ਇਹ ਵਾਕ ਸਾਡੇ ਵਾਸਤੇ ਵੀ ਹੈ। ਜਦ ਤਕ ਅਸੀਂ ਯਿਸੂ ਦੇ ਲਹੂ ਵਿਚ ਧੋਤੇ ਨਹੀਂ ਜਾਂਦੇ ਤਦ ਤਕ ਸਾਡੀ ਉਸ ਨਾਲ ਕੋਈ ਸੰਗਤੀ ਨਹੀਂ ਹੈ! ਪ੍ਰਕਾਸ਼ ਦੀ ਪੋਥੀ 1:5 ਵਿਚ ''ਯਿਸੂ ਮਸੀਹ ... ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਲਿਆ'' ਦੀ ਗੱਲ ਕੀਤੀ ਗਈ ਹੈ।

ਬਾਹਰੀ ਪਾਪੀ ਹੋਣ ਤੇ ਸਾਡੇ ਲਈ ਯਿਸੂ ਦੇ ਨਾਮ 'ਚ ਬਪਤਿਸਮਾ ਲੈਣਾ ਜ਼ਰੂਰੀ ਹੈ ਤਾਂ ਜੋ ਉਹ ਆਪਣੇ ਲਹੂ ਨਾਲ ਸਾਨੂੰ ਧੋ ਦੇਵੇ। ਹਨਾਨਿਆਹ ਨੇ ਸੌਲੁਸ ਨੂੰ ਕਿਹਾ ਸੀ, ''ਉੱਠ ਅਤੇ

ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ'' (ਰਸੂਲਾਂ ਦੇ ਕੰਮ 22:16)। ਫਿਰ, ਜਦ ਆਤਮਕ ਤੌਰ ਤੇ, ''ਸਿਰ ਤੋਂ ਪੈਰਾਂ'' ਤਕ ਧੋਤੇ ਜਾਣ ਬਾਅਦ ਵਿਚ ਅਸੀਂ ਹਰ ਰੋਜ਼ ਇਸ ਜ਼ਿੰਦਗੀ ਦੇ ਔਖੇ ਅਤੇ ਗੰਦੇ ਰਾਹਾਂ 'ਚ ਗੁਜ਼ਰਦੇ ਹਾਂ। ਮਸੀਹੀ ਹੋਣ ਕਾਰਣ ਸਾਨੂੰ ਲਗਾਤਾਰ ਮਸੀਹ ਦੇ ਹੱਥੋਂ ਧੋਤੇ ਜਾਣ ਦੀ ਲੋੜ ਹੈ।

> ਜੇ ਅਸੀਂ ਆਪਣੇ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ, ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। ਜੇ ਆਖੀਏ ਭਈ ਅਸਾਂ ਪਾਪ ਨਹੀਂ ਕੀਤਾ ਹੈ ਤਾਂ ਉਹਨੂੰ ਝੂਠਾ ਬਣਾਉਂਦੇ ਹਾਂ ਅਤੇ ਉਹਦਾ ਬਚਨ ਸਾਡੇ ਵਿਚ ਨਹੀਂ ਹੈ।
>
> ਹੇ ਮੇਰੇ ਬੱਚਿਓ, ਮੈਂ ਇਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ ਅਤੇ ਜੇ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡਾ ਇਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ (1 ਯੂਹੰਨਾ 1:9-2:1)।

**ਸਾਨੂੰ ਅਧੀਨ ਹੋਣਾ ਸਿੱਖਣ ਦੀ ਲੋੜ ਹੈ**

ਯਿਸੂ ਵੱਲੋਂ ਆਪਣੇ ਮਨਾਂ ਨੂੰ ਧੋਣ ਬਾਰੇ ਬਹੁਤ ਸਾਰੇ ਪਹਿਲੂਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰ, ਇਸ ਸੰਦਰਭ ਵਿਚ ਯਿਸੂ ਦੇ ਮਨ ਵਿਚ ਪਤਰਸ ਨੂੰ ਧੋਣ ਦੀ ਗੱਲ ਕਰਦਿਆਂ, ਖਾਸ ਗੱਲ ਸੀ ਅਤੇ ਉਹ ਖਾਸ ਗੱਲ ਸੀ ਅਧੀਨਤਾ। ਪਤਰਸ ਜੇ ਸ਼ੁੱਧ ਹੋਣਾ ਚਾਹੁੰਦਾ ਸੀ ਤਾਂ ਉਹਦੇ ਲਈ ਜ਼ਰੂਰੀ ਸੀ ਕਿ ਉਹ ਪ੍ਰਭੂ ਦੀ ਇੱਛਾ ਦੇ ਅਧੀਨ ਹੋਵੇ, ਚਾਹੇ ਉਹਨੂੰ ਇਹ ਪਸੰਦ ਹੁੰਦੀ ਜਾਂ ਨਹੀਂ ਯਾਨੀ ਚਾਹੇ ਉਹ ਇਸ ਨਾਲ ਸਹਿਮਤ ਨਹੀਂ ਸੀ, ਭਾਵੇਂ ਉਸ ਨੂੰ ਇਸ ਦੀ ਸਮਝ ਵੀ ਨਾ ਹੁੰਦੀ।

ਪਤਰਸ ਆਪਣੇ ਘਮੰਡ ਨੂੰ ਛੱਡਣ ਦੀ ਕੋਸ਼ਿਸ਼ ਕਰ ਰਿਹਾ ਸੀ, ਜਿਵੇਂ ਸਾਡੇ ਵਿੱਚੋਂ ਬਹੁਤ ਸਾਰੇ ਕਰਦੇ ਹਨ। ਯਿਸੂ ਨੇ ਕਿਹਾ ਕਿ ਪਤਰਸ ਤੈਨੂੰ ਇਹ ਬਾਅਦ ਵਿਚ ਸਮਝ ਆ ਜਾਵੇਗੀ। ਸਪਸ਼ਟ ਹੈ ਕਿ ਅੰਤ ਵਿਚ ਪਤਰਸ ਪਰਨੇ ਤੋਂ ਮਿਲਣ ਵਾਲੇ ਸਬਕ ਨੂੰ ਸਮਝ ਗਿਆ, ਕਿਉਂਕਿ ਉਹ ਲਿਖਦਾ ਹੈ:

> ਇਸੇ ਤਰ੍ਹਾਂ ਹੇ ਜੁਆਨੋ, ਬਜ਼ੁਰਗਾਂ ਦੇ ਅਧੀਨ ਰਹੋ, ਸਗੋਂ ਤੁਸੀਂ ਸੱਭੋ ਇਕ ਦੂਏ ਦੀ ਟਹਿਲ ਕਰਨ ਲਈ ਮਨ ਦੀ ਹਲੀਮੀ ਨਾਲ ਲੱਕ ਬੰਨ੍ਹੋ, ਇਸ ਲਈ ਜੋ ਪ੍ਰਮੇਸ਼ਵਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਨੂੰ ਕਿਰਪਾ ਬਖ਼ਸ਼ਦਾ ਹੈ।
>
> ਸੋ ਆਪਣੇ ਆਪ ਨੂੰ ਪ੍ਰਮੇਸ਼ਵਰ ਦੇ ਬਲਵੰਤ ਹੱਥ ਦੇ ਹੇਠ ਨੀਵਿਆਂ ਕਰੋ ਭਈ ਉਹ ਤੁਹਾਨੂੰ ਵੇਲੇ ਸਿਰ ਉੱਚਿਆਂ ਕਰੇ (1 ਪਤਰਸ 5:5, 6)।

ਤੁਸੀਂ ਅਤੇ ਮੈਂ ਜੇ ਨਿਰੰਤਰ ਯਿਸੂ ਦੇ ਲਹੂ ਵਿਚ ਧੋਤੇ ਰਹਿਣਾ ਚਾਹੁੰਦੇ ਹਾਂ, ਤਾਂ ਸਾਡੇ ਲਈ ਜ਼ਰੂਰੀ ਹੈ ਕਿ ਅਧੀਨ ਹੋ ਕੇ ਜੀਵਨ ਬਿਤਾਈਏ: ''ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ (ਅਰਥਾਤ ਜੇ ਉਹੋ ਜਿਹਾ ਜੀਵਨ ਬਿਤਾਈਏ ਜੋ ਯਿਸੂ ਸਾਥੋਂ ਚਾਹੁੰਦਾ ਹੈ) ਤਾਂ ਸਾਡੀ ਆਪੋ ਵਿਚ ਸੰਗਤ ਹੈ, ਅਤੇ ਉਹਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਲਗਾਤਾਰ ਹੈ[12] ਸ਼ੁੱਧ ਕਰਦਾ ਹੈ'' (1 ਯੂਹੰਨਾ 1:7)।

# ਅਨੰਦ ਦਾ ਸਬਕ (ਯੂਹੰਨਾ 13:12-17)

**ਸਾਨੂੰ ''ਪੈਰ ਧੋਣਾ'' ਸਿੱਖਣਾ ਜ਼ਰੂਰੀ ਹੈ**

ਆਖ਼ਰੀ ਪੈਰ ਧੋਤਾ ਜਾ ਚੁਕਿਆ ਸੀ; ਆਖਰੀ ਪੰਜਾ ਸੁੱਕ ਚੁਕਿਆ ਸੀ। ਯਿਸੂ ਉਹਨਾਂ ਨੂੰ ਇਹ ਸਮਝਾਉਣ ਲਈ ਤਿਆਰ ਸੀ, ਕਿ ਉਸਨੇ ਜੋ ਕੀਤਾ ਹੈ ਉਸ ਵਿਚ ਚੇਲਿਆਂ ਲਈ ਕੀ ਸਬਕ ਸੀ। ''ਉਪਰੰਤ ਜਾਂ ਉਹ ਉਨ੍ਹਾਂ ਦੇ ਪੈਰ ਧੋ ਹਟਿਆ, ਅਤੇ ਆਪਣੇ ਬਸਤਰ ਲੈ ਲਏ ਤਾਂ ਫਿਰ ਬੈਠ'' ਗਿਆ (ਆਇਤ 12)। ਉਸ ਨੇ ਉਹਨਾਂ ਨਾਲ ਗੱਲ ਕੀਤੀ। ਯਿਸੂ ਨੇ ਬਰਤਨ ਪਾਸੇ ਕਰ ਦਿੱਤਾ, ਫਿਰ ਆਪਣੇ ਬਾਹਰੀ ਕੱਪੜੇ ਪਹਿਨ ਲਏ।[13] ਹਰ ਕਿਸੇ ਦਾ ਧਿਆਨ ਯਿਸੂ ਵੱਲ ਹੀ ਸੀ; ਚੇਲਿਆਂ ਦਾ ਸਾਰਾ ਧਿਆਨ ਉਸ ਵੱਲ ਹੀ ਸੀ।

ਚੌਂਕੀ ਤੇ ਆਪਣੀ ਥਾਂ ਤੇ ਬੈਠਣ ਦੇ ਬਾਅਦ, ਉਹਨੇ ਪੁੱਛਿਆ, ''ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ ਹੈ?'' (ਆਇਤ 12ਅ)। ਉਨ੍ਹਾਂ ਜਵਾਬ ਦਿੱਤਾ ਹੋਵੇਗਾ, ''ਕਿੰਨਾਂ ਅਜੀਬ ਸਵਾਲ ਹੈ! ਸਾਨੂੰ ਭਲਾ ਪਤਾ ਨਹੀਂ ਹੈ ਕਿ ਤੁਸੀਂ ਸਾਡੇ ਨਾਲ ਕੀ ਕੀਤਾ ਹੈ, ਸਾਡੇ ਪੈਰ ਹੀ ਤਾਂ ਧੋਤੇ ਹਨ ਹੋਰ ਕੀ ਕੀਤਾ ਹੈ!'' ਪਰ ਯਿਸੂ ਦੇ ਕਹਿਣ ਦਾ ਭਾਵ ਸੀ, ''ਕੀ ਤੁਸੀ ਸੱਚਮੁੱਚ ਜਾਣਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ ਹੈ? ਭਲਾ ਤੁਹਾਨੂੰ ਸਮਝ ਹੈ ਕਿ ਜੋ ਮੈਂ ਕੀਤਾ ਹੈ ਉਹ ਕਿਉਂ ਕੀਤਾ ਹੈ?''

ਫਿਰ ਯਿਸੂ ਉਨ੍ਹਾਂ ਨੂੰ ਸਮਝਾਉਣ ਲਗਦਾ ਹੈ: ''ਤੁਸੀਂ ਮੈਨੂੰ ਗੁਰੂ[14] ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ ਕਿਉਂ ਜੋ ਮੈਂ ਹਾਂ। ਸੋ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ'' ਧੋਵੋ (ਆਇਤਾਂ 13, 14ੳ)। ਸ਼ਾਇਦ ਉਹ ਚਾਹੁੰਦੇ ਸਨ ਕਿ ਉਹ ਅੱਗੇ ਕਹੇ, ''ਤੁਸੀਂ ਵੀ ਮੇਰੇ ਪੈਰ ਧੋਵੋ।'' ਇਹ ਠੀਕ ਰਹਿਣਾ ਸੀ। ਉਸ ਨੇ 24 ਗੰਦੇ ਪੈਰ ਧੋਤੇ 120 ਮੈਲ ਨਾਲ ਭਰੀਆਂ ਉਂਗਲੀਆਂ ਸਾਫ਼ ਕੀਤੀਆਂ ਸਨ, ਪਰ ਉਹਦੇ ਆਪਣੇ ਪੈਰ ਅਜੇ ਤਕ ਗੰਦੇ ਸਨ। ਇਹ ਹੀ ਠੀਕ ਹੋਣਾ ਸੀ ਕਿ ਹੁਣ ਉਹ ਉਹਦੇ ਪੈਰ ਧੋਂਦੇ। (ਸਾਡੇ ਵਿੱਚੋਂ ਬਹੁਤਿਆਂ ਨੂੰ ਯਿਸੂ ਦੇ ਪੈਰ ਧੋਣਾ ਬੁਰਾ ਨਹੀਂ ਲੱਗੇਗਾ; ਸਗੋਂ ਅਸੀਂ ਤਾਂ ਇਹਦੇ ਲਈ ਕਤਾਰ ਬਣਾ ਕੇ ਖੜੇ ਹੋ ਜਾਵਾਂਗੇ।) ਪਰ ਯਿਸੂ ਨੇ ਕਿਹਾ, ''ਤੁਸੀਂ ਭੀ ਇਕ ਦੂਏ ਦੇ ਪੈਰ ਧੋਵੋ। ਇਹ ਜੋ ਮੈਂ ਤੁਹਾਨੂੰ ਇਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਹੈ ਤੁਸੀਂ ਭੀ ਉਵੇਂ ਹੀ ਕਰੋ'' ( ਆਇਤਾਂ 14ਅ, 15)।

ਭਲਾ ਯਿਸੂ ਸਾਥੋਂ ਪੈਰ ਹੀ ਧੁਆਉਣਾ ਚਾਹੁੰਦਾ ਹੈ? ਸ਼ਾਇਦ ਪੈਰ ਧੋਣਾ ਕੋਈ ਇੰਨਾ ਔਖਾ ਨਾ ਲੱਗੇ। ਅਸੀਂ ਆਪਣੇ ਕੁਝ ਦੋਸਤ ਚੁਣ ਕੇ ਇਕ ਦੂਜੇ ਦੇ ਪੈਰ ਧੋ ਸਕਦੇ ਹਾਂ। ਜ਼ਰਾ ਰੁਕੋ! ਯਿਸੂ ਨੇ ਕਿਹਾ, ''ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਉਵੇਂ ਹੀ ਕਰੋ।'' ਯਹੂਦਾ ਹੋਰਨਾਂ ਚੇਲਿਆਂ ਨਾਲ ਉੱਥੇ ਹੀ ਸੀ। ਤੁਹਾਨੂੰ ਕੀ ਲਗਦਾ ਹੈ, ਯਿਸੂ ਨੇ ਯਹੂਦਾ ਦੇ ਪੈਰ ਧੋਤੇ ਹੋਣਗੇ। ਤੁਹਾਨੂੰ ਯਾਦ ਹੈ ਕਿ ਯਿਸੂ ਪਹਿਲਾਂ ਹੀ ਜਾਣਦਾ ਸੀ ਕਿ ਯਹੂਦਾ ਉਸ ਨੂੰ ਫੜਵਾਏਗਾ। ਮੈਂ ਤਾਂ ਇਹ ਸੋਚਦਾ ਕਿ ਉਹ ਦੇ ਪੈਰਾਂ ਉੱਤੇ ਉੱਬਲਦਾ ਉੱਬਲਦਾ ਗਰਮ ਪਾਣੀ ਪਾ ਦਿਆਂ ਜਾਂ ਬਰਫ਼ ਦੇ ਢੇਲਿਆਂ ਨਾਲ ਭਰ ਦਿਆਂ! ਯਹੂਦਾ ਦੇ ਪੈਰ ਸੁਕਾਉਂਦਿਆਂ ਸ਼ਾਇਦ ਮੈਂ ਉਹਦੇ ਪੈਰਾਂ ਦੀ ਚਮੜੀ ਉਤਾਰਣ ਦੀ ਕੋਸ਼ਿਸ਼ ਕਰਦਾ। ਪਰ ਯਿਸੂ ਨੇ ਓਨੀ ਹੀ ਨਰਮਾਈ ਅਤੇ ਪ੍ਰੇਮ ਨਾਲ ਯਹੂਦਾ ਦੇ ਪੈਰ ਸਾਫ਼ ਕੀਤੇ ਜਿਵੇਂ ਦੂਸਰਿਆਂ ਦੇ।[15] ਯਿਸੂ ਮੇਰੇ ਲਈ ਨਮੂਨਾ ਹੈ ਕਿ ਮੈਂ ਦੋਸਤਾਂ ਅਤੇ ਦੁਸ਼ਮਣਾਂ ਸਭ ਦੇ ''ਪੈਰ ਧੋਣ ਲਈ'' ਤਿਆਰ ਹੋਵਾਂ।

ਯਿਸੂ ਨੇ ਅੱਗੇ ਆਖਿਆ, ''ਮੈਂ ਤੁਹਾਨੂੰ ਸੱਚ ਆਖਦਾ ਹਾਂ ਭਈ ਨੌਕਰ ਆਪਣੇ ਮਾਲਕ ਤੋਂ ਵੱਡਾ ਨਹੀਂ, ਨਾ ਭੇਜਿਆ ਹੋਇਆ ਆਪਣੇ ਭੇਜਣ ਵਾਲੇ ਤੋਂ'' (ਆਇਤ 16)। ਯਿਸੂ ਨੇ ਸਾਡੇ ਲਈ ਕੋਈ ਬਹਾਨਾ ਨਹੀਂ ਰਹਿਣ ਦਿੱਤਾ। ਜੇਕਰ ਉਹ ਉਨ੍ਹਾਂ ਸਭ ਦੇ ਪੈਰ ਧੋ ਸਕਦਾ ਹੈ, ਜਿਹਨਾਂ ਵਿਚ ਉਹਦੇ ਦੋਸਤ ਵੀ ਸਨ ਅਤੇ ਦੁਸ਼ਮਣ ਵੀ, ਤਾਂ ਸਾਨੂੰ ਵੀ ਇਹੀ ਕਰਨਾ ਚਾਹੀਦਾ ਹੈ।

ਸ਼ਾਇਦ ਸਾਨੂੰ ਕੁਝ ਦੇਰ ਰੁਕ ਕੇ ਪੁੱਛਣਾ ਚਾਹੀਦਾ ਹੈ, ''ਯਿਸੂ ਦੇ ਇਹ ਕਹਿਣ ਦਾ ਕੀ ਅਰਥ ਹੈ ਕਿ ਸਾਨੂੰ ਵੀ ਇਕ ਦੂਏ ਦੇ ਪੈਰ ਧੋਣੇ ਚਾਹੀਦੇ ਸਨ? ਕੀ ਉਸ ਦੇ ਕਹਿਣ ਦਾ ਇਹ ਭਾਵ ਸੀ ਕਿ ਅਸੀਂ ਪੈਰ ਧੋਣ ਦੀ ਰਸਮ ਨੂੰ ਬੰਦਗੀ ਦਾ ਹਿੱਸਾ ਬਣਾਈਏ? ਕੁਝ ਧਾਰਮਿਕ ਸੰਗਠਨ ਇਸੇ ਤਰ੍ਹਾਂ ਕਰਦੇ ਹਨ। ਪ੍ਰਭੂ ਭੋਜ ਲੈਣ ਵੇਲੇ (ਤਿੰਨ ਮਹੀਨੇ ਬਾਅਦ, ਸਾਲ ਬਾਅਦ ਜਾਂ ਕਿਸੇ ਹੋਰ ਮੌਕੇ ਵੀ[16]), ਉਹ ਪੈਰ ਧੋਣ ਦੀ ਰਸਮ ਕਰਦੇ ਹਨ। ਹਿੱਸਾ ਲੈਣ ਲਈ ਚੁਣੇ ਜਾਣ ਵਾਲੇ ਲੋਕ ਪੈਰ ਸਾਫ਼ ਕਰਕੇ ਪਾਲਿਸ਼ ਕੀਤੇ ਹੋਏ ਬੂਟ ਅਤੇ ਨਵੀਆਂ ਜੁਰਾਬਾਂ ਪਾ ਕੇ ਆਉਂਦੇ ਹਨ। ਰਸਮ ਨਿਭਾਉਂਦੇ, ਪੈਰ ਧੋਣ ਵਾਲੇ ਲੋਕ ਉਨ੍ਹਾਂ ਪੈਰਾਂ ਨੂੰ ਧੋਣ ਲਈ ਝੁਕਦੇ ਹਨ ਜਿਹੜੇ ਪਹਿਲਾਂ ਹੀ ਧੋਤੇ ਹੋਏ ਹੁੰਦੇ ਹਨ। ਗੰਦੇ ਪੈਰ ਧੋਣ ਦਾ ਅਸਲ ਉਦੇਸ਼ ਤਾਂ ਰਿਹਾ ਨਾ।

ਭਲਾ ਯਿਸੂ ਇਹੀ ਆਗਿਆ ਦੇ ਰਿਹਾ ਸੀ? ਨਵੇਂ ਨੇਮ ਦੇ ਬਾਕੀ ਭਾਗ ਨੂੰ ਪੜ੍ਹ ਕੇ ਵੇਖੋ। ਪਹਿਲੀ ਸਦੀ ਦੇ ਮਸੀਹੀ ਲੋਕਾਂ ਦੇ ਲੇਖਾਂ ਨੂੰ ਵੇਖੋ। ਉਸ ਤਰ੍ਹਾਂ ਦੀ ਕਿਸੇ ਰਸਮ ਨੂੰ ਪਹਿਲੀ ਸਦੀ ਦੀ ਕਲੀਸੀਆ ਦੀ ਇਬਾਦਤ ਵਿਚ ਨਹੀਂ ਕੀਤਾ ਜਾਂਦਾ ਸੀ। ਪੈਰ ਧੋਣ ਦਾ ਜ਼ਿਕਰ ਇਕ ਵਾਰ ਪੱਤਰੀਆਂ ਵਿਚ 1 ਤਿਮੋਥਿਉਸ 5:9,10 ਵੇਖ ਸਕਦੇ ਹਾਂ ਜਿੱਥੇ ਪੌਲੁਸ ਕਲੀਸੀਆ ਵੱਲੋਂ ਮਦਦ ਦਿੱਤੇ ਜਾਣ ਲਈ ਵਿਧਵਾਵਾਂ ਦੀ ਯੋਗਤਾ ਦੱਸਦਾ ਹੈ।

> ਓਹੋ ਵਿਧਵਾ ਲਿਖੀ ਜਾਵੇ ਜਿਹਦੀ ਉਮਰ ਸੱਠਾਂ ਵਰ੍ਹਿਆਂ ਤੋਂ ਘੱਟ ਨਾ ਹੋਵੇ ਅਤੇ ਇੱਕੋ ਪਤੀ ਦੀ ਪਤਨੀ ਰਹੀ ਹੋਵੇ। ਅਤੇ ਸ਼ੁੱਭ ਕਰਮਾਂ ਕਰਕੇ ਨੇਕਨਾਮ ਹੋਵੇ ਅਰਥਾਤ ਬਾਲਕਾਂ ਨੂੰ ਪਾਲਿਆ ਹੋਵੇ, ਓਪਰਿਆਂ ਦੀ ਆਗਤ ਭਾਗਤ ਕੀਤੀ ਹੋਵੇ, *ਸੰਤਾਂ ਦੇ ਚਰਨਾਂ ਨੂੰ ਧੋਤਾ ਹੋਵੇ,* ਦੁਖੀਆਂ ਦੀ ਸਹਾਇਤਾ ਕੀਤੀ ਹੋਵੇ, ਅਤੇ ਹਰੇਕ ਚੰਗੇ ਕੰਮ ਦੇ ਮਗਰ ਲੱਗੀ ਰਹੀ ਹੋਵੇ।

ਇਸ ਵਿਚ ਕਈ ਯੋਗਤਾਵਾਂ ਦੱਸੀਆਂ ਗਈਆਂ ਹਨ । ਜੇਕਰ ਇਕ ਯੋਗਤਾ ਇਬਾਦਤ ਦੀ ਰਸਮ ਲਈ ਹੈ, ਤਾਂ ਸਾਰੀਆਂ ਹੀ ਇਬਾਦਤ ਦੀ ਰਸਮ ਨੂੰ ਪੂਰਾ ਕਰਨ ਲਈ ਹੋਣੀਆਂ ਚਾਹੀਦੀਆਂ ਹਨ। ਪਰ ਨਹੀਂ, ਯਿਸੂ ਦੇ ਕਹਿਣ ਦਾ ਮਤਲਬ ਇਹ ਨਹੀਂ ਹੈ।

ਜੇਕਰ ਯਿਸੂ ਕਿਸੇ ਖ਼ਾਸ ਸਮਾਰੋਹ ਦੀ ਗੱਲ ਨਹੀਂ ਸੀ ਕਰ ਰਿਹਾ ਤਾਂ ਫਿਰ ਉਸ ਦੇ ਕਹਿਣ ਤੋਂ ਕੀ ਭਾਵ ਹੈ ਕਿ ਸਾਨੂੰ ਇਕ ਦੂਏ ਦੇ ਪੈਰ ਧੋਣੇ ਚਾਹੀਦੇ ਹਨ? ਪ੍ਰਚਾਰਕ ਅਤੇ ਲੇਖਕ ਚਾਰਲਸ ਹੌਜ ਨੇ ਕਿਹਾ ਸੀ, ''ਅਸੀਂ ਪੈਰ ਧੋਣ ਦੀਆਂ ਬਹਿਸਾਂ ਜਿੱਤ ਲਈਆਂ ਹੋਣਗੀਆਂ ਪਰ ਅਜੇ ਤਕ ਪੈਰ ਧੋਣਾ ਨਹੀਂ ਸਿੱਖਿਆ ਹੈ!'' ਨਵੇਂ ਨੇਮ ਦੇ ਸਮੇਂ ਵਿਚ ਪੈਰ ਸੇਵਕ ਧੋਂਦਾ ਸੀ ਅਤੇ ਇਹ ਇਕ ਜ਼ਲਾਲਤ ਭਰਿਆ ਕੰਮ ਸੀ। ਇਸ ਇੱਕੀਵੀਂ ਸਦੀ ਵਿਚ ਵੀ ਉਸੇ ਤਰ੍ਹਾਂ ਹੀ ਦੂਜਿਆਂ ਦੀ ਸੇਵਾ ਲਈ ਤਿਆਰ ਰਹਿਣ ਦੀ ਲੋੜ ਹੈ। ਕੋਈ ਵੀ ਹੋਵੇ ਕਿੰਨਾ ਵੀ ਮਹਿੰਗਾ ਹੋਵੇ, ਕਿੰਨਾ ਵੀ ਨੀਵਾਂ ਕੰਮ ਹੋਵੇ ਕੋਈ ਫ਼ਰਕ ਨਹੀਂ ਪੈਂਦਾ।

ਰੂਥ ਹਾਰਮਸ ਕਲਕਿਨ ''ਆਈ ਵੰਡਰ'' ਸਿਰਲੇਖ ਹੇਠ ਇਕ ਕਵਿਤਾ ਲਿਖੀ ਸੀ, ਜਿਸ

ਵਿਚ ਉਸ ਨੇ ਇਕ ਸਵਾਲ ਪੁੱਛਿਆ ਜੋ (ਸਾਨੂੰ) ਹਰੇਕ ਨੂੰ ਪੁੱਛਣਾ ਚਾਹੀਦਾ ਹੈ:

ਪ੍ਰਭੂ ਜੀ, ਤੈਨੂੰ ਪਤੈ ਕਿ ਮੈਂ ਕਿਵੇਂ
ਬੜੇ ਜੋਸ਼ ਅਤੇ ਜਜ਼ਬਾਤ ਨਾਲ
ਤੇਜ਼ ਰੋਸ਼ਨੀ ਵਿਚ
ਤੇਰੀ ਸੇਵਾ ਕਰਦੀ ਹਾਂ
ਤੈਨੂੰ ਪਤਾ ਹੈ ਕਿ ਕਿਵੇਂ ਮੈਂ ਔਰਤਾਂ ਦੀ ਇਕ ਸਭਾ (ਮੰਡਲੀ) ਵਿਚ ਤੇਰਾ ਵਚਨ
ਲਗਨ ਨਾਲ ਦੱਸਦੀ ਹਾਂ।
ਤੂੰ ਜਾਣਦਾ ਹੈਂ ਸੰਗਤੀ ਵਿਚ ਜਾਣ ਦੀ ਮੈਨੂੰ
ਕਿੰਨੀ ਖ਼ੁਸ਼ੀ ਹੁੰਦੀ ਹੈ।
ਬਾਈਬਲ ਅਧਿਐਨ ਵਿਚ
ਮੇਰੇ ਉਤਸ਼ਾਹ ਨੂੰ ਤੂੰ ਜਾਣਦਾ ਹੈਂ।

ਪਤਾ ਨਹੀਂ ਮੈਂ ਕਿਵੇਂ ਜਵਾਬ ਦਿਆਂਗੀ,
ਜੇਕਰ ਤੂੰ ਪਾਣੀ ਦੇ ਤਸਲੇ ਵੱਲ ਇਸ਼ਾਰਾ ਕਰੇਂ ਅਤੇ ਮੈਨੂੰ ਕਹਿ ਦੇਵੇਂ
ਖ਼ੁਦ ਉਹ ਬੁੱਢੀ ਕੁਬੜੀ ਔਰਤ ਦੇ ਪੈਰ ਧੋ ਦੇ
ਰੋਜ਼-ਬ-ਰੋਜ਼, ਮਹੀਨੇ-ਦਰ-ਮਹੀਨੇ
ਇਕ ਕਮਰੇ ਵਿਚ ਜਿੱਥੇ ਕੋਈ ਨਾ ਵੇਖੇ
ਅਤੇ ਕਿਸੇ ਨੂੰ ਪਤਾ ਨਾ ਹੋਵੇ?[17]

ਭਲਾ ਅਸੀਂ ਸੇਵਾ ਕਰਨਾ ਸਿੱਖ ਲਿਆ ਹੈ? ਕੀ ਅਸਾਂ ਉਹ ਹੀਣ ਕੰਮ ਕਰਨਾ, ਘਿਣਾਉਣੇ ਕੰਮਾਂ ਨੂੰ ਸਹਾਰਨਾ, ਗੰਦਗੀ ਵਾਲੇ ਕੰਮਾਂ ਨੂੰ ਕਬੂਲ ਕਰਨਾ, ਨਾਪਸੰਦ ਜ਼ਿੰਮੇਵਾਰੀਆਂ ਨੂੰ ਜਿੰਨ੍ਹਾ ਲਈ ਜ਼ਿਆਦਾਤਰ ਲੋਕ ਕਦੀ ''ਧੰਨਵਾਦ'' ਨਹੀਂ ਕਹਿੰਦੇ, ਸਗੋਂ ਸ਼ਾਇਦ ਉਲਟਾ ਦੁੱਖ ਹੀ ਦਿੰਦੇ ਹੋਣ, ਪੂਰਾ ਕਰਨਾ ਸਿੱਖ ਲਿਆ ਹੈ? ਯਿਸੂ ਵੱਲੋਂ ਯਹੂਦਾ ਦੇ ਵੀ ਪੈਰ ਧੋਣ ਦੇ ਬਾਵਜੂਦ, ਉਹ ਉਸ ਚੁਬਾਰੇ ਵਾਲੇ ਕਮਰੇ ਨੂੰ ਛੱਡ ਕੇ ਚਲਿਆ ਗਿਆ ਅਤੇ ਉਹਨੇ ਯਿਸੂ ਨੂੰ ਫੜਵਾ ਦਿੱਤਾ। ਤਾਂ ਵੀ, ਯਿਸੂ ਨੇ ਸਾਨੂੰ ਸਾਰਿਆਂ ਨੂੰ ਕਿਹਾ ਹੈ, ''ਇਕ ਦੂਜੇ ਦੇ ਪੈਰ ਧੋਵੋ!''

ਸੰਸਾਰ ਦੇ ਲੋਕ ਪੁੱਛਦੇ ਹਨ, ''ਕਿੰਨੇ ਲੋਕ ਤੁਹਾਡੇ ਲਈ ਕੰਮ ਕਰਦੇ ਹਨ?'' ਪ੍ਰਭੂ ਪੁੱਛਦਾ ਹੈ, ''ਕਿੰਨੇ ਲੋਕਾਂ ਲਈ ਤੁਸੀਂ ਕੰਮ ਕਰਦੇ ਹੋ?'' ਸਾਡੇ ਵਿੱਚੋਂ ਜ਼ਿਆਦਾਤਰ ਲੋਕ ਆਕੜ ਨਾਲ ਕੱਛਾਂ 'ਚ ਹੱਥ ਲੈਕੇ ਖੜੇ ਹਨ, ਜਦ ਕਿ ਚਾਹੀਦਾ ਹੈ ਕਿ ਅਸੀਂ ਝੁਕ ਕੇ ਪੈਰ ਧੋਣ ਦੀ ਸੇਵਾ ਕਰੀਏ।

### ''ਪੈਰ ਧੋਣਾ'' ਖ਼ੁਸ਼ੀ ਦਾ ਰਹੱਸ ਹੈ

ਨਾਸਤਕ ਜਾਣਨਾ ਚਾਹੁੰਦਾ ਹੈ, ''ਮੇਰੇ ਲਈ ਇਸ ਵਿਚ ਕੀ ਹੈ?'' ਆਇਤ 17 ਦੱਸਦੀ ਹੈ ਕਿ ਸੇਵਾ ਕਰਨਾ ਸਿੱਖਣ ਤੇ ਸਾਡੇ ਲਈ ਕੀ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ''ਜੇ ਤੁਸੀਂ ਇਹ ਗੱਲਾਂ ਜਾਣਦੇ ਹੋ ਤਾਂ ਧੰਨ ਹੋ ਜੇ ਇਹਨਾਂ ਨੂੰ ਕਰੋ ਵੀ।'' ਆਇਤ 12 ਵਿਚ ਯਿਸੂ ਨੇ ਪੁੱਛਿਆ, ''ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ?'' ਉਹਨੇ ਇਹ ਮੰਨ

ਲਿਆ ਸੀ ਕਿ ਉਹਨਾਂ ਨੂੰ ਪਤਾ ਹੈ, ਅਤੇ ਕਿਹਾ, ''ਜੇ ਤੁਹਾਡਾ ਗਿਆਨ ਤੁਹਾਡਾ *ਕਰਮ* ਬਣ ਜਾਵੇ ਤਾਂ ਤੁਸੀਂ ਧੰਨ ਹੋਵੋਗੇ।'' ਸਿਰਫ਼ *ਗਿਆਨ* ਹੀ ਕਾਫ਼ੀ ਨਹੀਂ ਹੈ ਬਲਕਿ ਸਾਡੇ ਲਈ ਦੂਜਿਆਂ ਦੀ ਸੇਵਾ ਵੀ ਕਰਨੀ ਜ਼ਰੂਰੀ ਹੈ; ਜੇ ਅਸੀਂ ਖ਼ੁਦਾ ਕੋਲੋਂ ਬਰਕਤ ਲੈਣੀ ਹੈ, ਤਾਂ ਇਹ *ਕਰਨਾ* ਜ਼ਰੂਰੀ ਹੈ।

ਇਸ ਆਇਤ ਵਿਚ ਜਿਸ ਸ਼ਬਦ ਤੇ ਮੈਂ ਜ਼ੋਰ ਦੇਣਾ ਚਾਹੁੰਦਾ ਹਾਂ ਉਹ ''ਧੰਨ'' ਸ਼ਬਦ ਹੈ। ਇਹੀ ਸ਼ਬਦ ਪਹਾੜੀ ਉਪਦੇਸ਼ ਵਿਚ ਮੁਬਾਰਕਬਾਦੀਆਂ ਵਿਚ ਵਰਤਿਆ ਗਿਆ ਹੈ (ਮੱਤੀ 5:3 ਤੋਂ)। ਯੂਨਾਨੀ ਭਾਸ਼ਾ ਵਿਚ ਇਸ ਸ਼ਬਦ ਦੀ ਵਰਤੋਂ ਅੰਦਰੂਨੀ ਖ਼ੁਸ਼ੀ, ਆਨੰਦ ਅਤੇ ਸ਼ਾਂਤੀ ਲਈ ਕੀਤੀ ਜਾਂਦੀ ਹੈ ਜਿਹੜੀ ਬਾਹਰੀ ਹਲਾਤਾਂ ਦੇ ਭਰੋਸੇ ਨਹੀਂ ਹੈ। ਮਨ ਦੀ, ਕਾਇਮ ਰਹਿਣ ਵਾਲੀ ਖ਼ੁਸ਼ੀ ਦਾ ਭੇਤ *ਸੇਵਾ* ਕਰਕੇ ਸਿੱਖਿਆ ਜਾਂਦਾ ਹੈ।

ਸਭ ਤੋਂ ਮਾੜੀ ਹਾਲਤ ਉਹਨਾਂ ਲੋਕਾਂ ਦੀ ਹੀ ਹੈ ਜਿਹੜੇ ਸੇਵਾ *ਕਰਾਉਣਾ* ਚਾਹੁੰਦੇ ਹਨ। ਉਹਨਾਂ ਨੂੰ ਲਗਦਾ ਹੈ ਕਿ ਉਹਨਾਂ ਨਾਲ ਸਹੀ ਵਰਤਾਅ ਨਹੀਂ ਹੋਇਆ, ਉਹਨਾਂ ਨੂੰ ਉਹਨਾਂ ਦਾ ਬਣਦਾ ਮਾਣ ਨਹੀਂ ਦਿੱਤਾ ਗਿਆ, ਉਹਨਾਂ ਕੋਲ ਉਹ ਨਹੀਂ ਹੈ ਜੋ ਹੋਣਾ ਚਾਹੀਦਾ ਸੀ। ਉਹ ਉਡੀਕ ਕਰਦੇ ਹਨ ਕਿ ਕੋਈ ਆਣ ਕੇ ਉਹਨਾਂ ਨੂੰ ਉਹ ਸਭ ਦੇਵੇ, ਇਸੇ ਲਈ ਉਹਨਾਂ ਦੀ ਹਾਲਤ ਤਰਸਯੋਗ ਹੈ! ਸਹੀ ਮਾਇਨਿਆਂ ਵਿਚ ਖ਼ੁਸ਼ ਉਹੀ ਲੋਕ ਹਨ ਜਿਹੜੇ ਇਸ ਗੱਲ ਦੀ ਪਰਵਾਹ ਨਹੀਂ ਕਰਦੇ ਕਿ *ਉਹ* ਖ਼ੁਸ਼ ਹਨ ਜਾਂ ਨਹੀਂ, ਸਗੋਂ *ਦੂਜਿਆਂ* ਦੀ ਖ਼ੁਸ਼ੀ ਅਤੇ ਭਲਾਈ ਦੀ ਚਿੰਤਾ ਕਰਦੇ ਹਨ। ਪਰਨੇ ਤੋਂ ਮਿਲਣ ਵਾਲੇ ਸਬਕਾਂ ਵਿੱਚੋਂ ਇਹ ਸਭ ਤੋਂ ਅਹਿਮ ਹੈ।

## ਸਾਰ

ਪਰਨੇ ਤੋਂ ਮਿਲਣ ਵਾਲੇ ਹੋਰ ਸਬਕਾਂ ਦਾ ਵੀ ਜ਼ਿਕਰ ਕੀਤਾ ਜਾ ਸਕਦਾ ਹੈ, ਪਰ ਯਕੀਨਨ ਸਭ ਤੋਂ ਅਹਿਮ ਸਬਕ ਹਲੀਮੀ, ਪਵਿੱਤਰਤਾਈ ਅਤੇ ਖ਼ੁਸ਼ੀ ਹੀ ਹਨ।

ਸਾਡੇ ਵਿੱਚੋਂ ਹਰੇਕ ਨੂੰ ਸੇਵਾ ਕਰਨ ਬਾਰੇ ਆਪਣੇ ਅੰਦਰ ਝਾਤੀ ਮਾਰਨ ਵਾਲੇ ਕੁਝ ਸਵਾਲ ਪੁੱਛਣੇ ਚਾਹੀਦੇ ਹਨ: ਕੀ ਮੈਂ ਪ੍ਰਭੂ ਦੀ ਸੇਵਾ ਕਰ ਰਿਹਾ ਹਾਂ? ਕੀ ਮੈਂ ਆਪਣੇ ਸਾਥੀ ਦੀ ਸੇਵਾ ਕਰ ਰਿਹਾ ਹਾਂ? ਕੀ ਮੈਂ ਦਿਨ-ਬ-ਦਿਨ ਇਕ ਸੇਵਕ ਦੇ ਰੂਪ ਵਿਚ *ਵਧ ਰਿਹਾ* ਹਾਂ?[18]

ਸਾਨੂੰ ਅਧੀਨਗੀ ਬਾਰੇ ਵੀ ਕੁਝ ਨਿੱਜੀ ਸਵਾਲ ਪੁੱਛਣ ਦੀ ਲੋੜ ਹੈ: ਜਦ ਪ੍ਰਭੂ ਹੁਕਮ ਦਿੰਦਾ ਹੈ, ਤਾਂ ਕੀ ਅਸੀਂ ਫ਼ੁਰਤੀ ਨਾਲ ਮੰਨ ਲੈਂਦੇ ਹਾਂ-ਜਾਂ ਇਹ ਹੁੰਦਾ ਹੋਵੇ ਕਿ ਪਤਰਸ ਵਾਂਗ ਅਸੀਂ ਵੀ ਕਹੀਏ, ''ਨਾ, ਪ੍ਰਭੂ, ਕਦੀ ਨਹੀਂ!'' ਸਾਨੂੰ ਪਤਰਸ ਦਾ ਦੂਜਾ ਜਵਾਬ ਸਿੱਖਣ ਦੀ ਲੋੜ ਹੈ: ''ਪ੍ਰਭੂ ਜੀ ਨਿਰ੍ਹੇ ਮੇਰੇ ਪੈਰ ਹੀ ਨਹੀਂ ਸਗੋਂ ਹੱਥ ਅਤੇ ਸਿਰ ਵੀ ਧੋ!''[19] ਹੇ ਪ੍ਰਮੇਸ਼ਵਰ, ਸਾਨੂੰ ਪਰਨੇ ਤੋਂ ਸਬਕ ਸਿੱਖਣ ਵਿਚ ਮਦਦ ਕਰ!

---

ਟਿੱਪਣੀਆਂ

[1]ਕਿਸੇ ਬੀਮਾਰ ਦੀ ਦੇਖਭਾਲ ਕਰਨ ਜਾਂ ਕਿਸੇ ਬਿਰਧ ਰੋਗੀ ਦੀ ਦੇਖਭਾਲ ਕਰਨ ਦੀਆਂ ਵਿਅਕਤੀਗਤ ਉਦਾਹਰਣਾਂ ਜੋੜੀਆਂ ਜਾ ਸਕਦੀਆਂ ਹਨ। [2]ਬਾਅਦ ਵਿਚ ਚੇਲਿਆਂ ਦੇ ਪੈਰ ਧੋਣ ਵਿਚ ਯਿਸੂ ਦੇ ਕੰਮਾਂ ਨੂੰ ਵਿਖਾ ਕੇ, ਮੈਂ ਇੱਥੇ ਧਿਆਨ ਦੁਆਉਂਦਾ ਹਾਂ, ''ਮੈਂ ਤੁਹਾਨੂੰ ਇਹ ਇਸ ਤਰ੍ਹਾਂ ਵਿਖਾਉਣ ਦਾ ਵਿਚਾਰ ਕੀਤਾ ਸੀ, ਪਰ ਫਿਰ

ਫ਼ੈਸਲਾ ਕੀਤਾ ਕਿ ਨਾ ਹੀ ਵਿਖਾਵਾਂ, ਹੋ ਸਕਦਾ ਹੈ, ਕਿ ਝੁਕ ਤਾਂ ਜਾਵਾਂ, ਪਰ ਫਿਰ ਮੈਥੋਂ ਸਿੱਧਾ ਨਾ ਹੋਇਆ ਜਾ ਸਕੇ।'' ਦੂਜੇ ਪਾਸੇ ਕੋਈ ਜਵਾਨ ਅਤੇ ਸ਼ਕਤੀਸ਼ਾਲੀ ਸਿਖਾਉਣ ਵਾਲਾ (ਟੀਚਰ) ਜਾਂ ਪ੍ਰਚਾਰਕ ਉਸ ਢਾਸਣਾ ਲਾਉਣ ਦੀ ਸਥਿਤੀ ਨੂੰ ਚੰਗੀ ਤਰ੍ਹਾਂ ਵਿਖਾ ਸਕਦਾ ਹੈ।[3]ਉਹਨਾਂ ਨੇ ਸੱਜੇ ਹੱਥ ਨਾਲ ਹੀ ਖਾਧਾ, ਕਿਉਂਕਿ ਉਹਨਾਂ ਨੇ ਭਾਂਡਿਆਂ ਨੂੰ ਮੂੰਹ ਨਹੀਂ ਲਾਇਆ।[4]''ਛਾਤੀ ਨਾਲ ਢਾਸਣਾ'' ਲਾਉਣ ਵਾਲੇ [ਯੂਹੰਨਾ] (ਯੂਹੰਨਾ 13:23) ਚੇਲੇ ਲਈ ਹੀ ਕਿਹਾ ਗਿਆ ਕਿ ''ਉਹਨੂੰ ਯਿਸੂ ਪਿਆਰ ਕਰਦਾ ਸੀ।'' [5]ਅਸੀਂ ਇਹ ਮੰਨ ਸਕਦੇ ਹਾਂ ਕਿ ਜਿਹਨੇ ਵੀ ਯਿਸੂ ਅਤੇ ਚੇਲਿਆਂ ਨੂੰ ਮਕਾਨ ਦਿੱਤਾ ਉਹਨੇ ਵਰਤੋਂ ਦੀਆਂ ਚੀਜ਼ਾਂ ਉੱਥੇ ਰੱਖ ਦਿੱਤੀਆਂ ਹੋਣਗੀਆਂ। ਭੋਜ ਤਿਆਰ ਕਰਨ ਲਈ ਅੱਗੋਂ ਜਾਣ ਵਾਲੇ ਚੇਲਿਆਂ ਨੂੰ ਯਿਸੂ ਨੇ ਦੱਸ ਦਿੱਤਾ ਸੀ ਕਿ ''ਉਹ ਆਪ ਹੀ ਤੁਹਾਨੂੰ ਇਕ ਵੱਡਾ ਚੁਬਾਰਾ *ਫ਼ਰਸ਼ ਵਿਛਿਆ ਅਤੇ ਸੁਆਰਿਆ ਹੋਇਆ* ਵਿਖਾਏਗਾ'' (ਮਰਕੁਸ 14:15)।[6]ਪੂਰਬ ਅਤੇ ਯੂਰੋਪ ਵਿਚ, ਅਤੇ ਸੰਸਾਰ ਦੇ ਹੋਰ ਕਈ ਹਿੱਸਿਆਂ ਵਿਚ ਅਜੇ ਵੀ ਬਹੁਤ ਸਾਰੇ ਲੋਕ ਇਸੇ ਤਰ੍ਹਾਂ ਕਰਦੇ ਹਨ। [7]ਮੈਂ ਕੋਟ ਉਤਾਰ ਕੇ ਇਕ ਪਾਸੇ ਰੱਖਦਾ ਹਾਂ ਅਤੇ ਫਿਰ ਬਾਹਵਾਂ ਟੁੰਗਦਾ ਹਾਂ।[8]ਮੇਰੇ ਕੋਲ ਅਜਿਹਾ ਪਰਨਾ ਜਾਂ ਸਾਫ਼ਾ ਨਹੀਂ ਹੈ ਜਿਹੜਾ ਲੱਕ ਦੁਆਲੇ ਬੰਨ੍ਹਣ ਦੇ ਬਾਅਦ ਵੀ ਲਮਕਿਆ ਹੋਵੇ! ... ਇਸ ਲਈ ਮੈਂ ਤੌਲੀਏ ਦਾ ਸਿਰਾ ਦੋਵੇਂ ਪਾਸਿਓਂ ਖਿੱਚ ਕੇ ਆਪਣੀ ਪੈਂਟ ਵਿਚ ਫ਼ਸਾ ਲੈਂਦਾ ਹਾਂ, ਤਾਂ ਜੋ ਉਸਦਾ ਸਿਰਾ ਵੀ ਲਮਕਦਾ ਰਹੇ।[9]ਮੈਂ ਗੋਡਾ ਟੇਕ ਕੇ ਪੈਰ ਧੋਣ ਦਾ ਅਭਿਨੈ ਕਰਦਾ ਹਾਂ। [10]ਅਮਰੀਕਾ ਵਿਚ 13D ਜੁੱਤੀ ਦੇ ਵੱਡੇ ਨੰਬਰ ਨੂੰ ਕਿਹਾ ਜਾਂਦਾ ਹੈ। ਕਿਉਂਕਿ ਸੰਸਾਰ ਦੇ ਵੱਖੋ-ਵੱਖ ਇਲਾਕਿਆਂ ਵਿਚ ਵੱਖੋ-ਵੱਖ ਨੰਬਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਸੁਣਨ ਵਾਲਿਆਂ ਨੂੰ ਸਮਝਾਉਣ ਲਈ ਆਪਣੇ ਇਲਾਕੇ ਵਿਚ ਵਰਤੇ ਜਾਣ ਵਾਲੇ ਨੰਬਰ ਦੀ ਵਰਤੋਂ ਕਰੋ।

[11]ਕਿੰਗ ਜੇਮਸ ਵਾਲੇ ਅਨੁਵਾਦ ਵਿਚ ''ਧੋਤਾ ਗਿਆ'' ਹੈ, ਪਰ ਯੂਨਾਨੀ ਲਿਖਤ ਵਿਚ ਅੱਗੇ ਵਰਤੇ ਅਨੁਵਾਦ ''ਧੋਣ'' ਨਾਲੋਂ ਫ਼ਰਕ ਸ਼ਬਦ ਹੈ। ''ਨਲ੍ਹਾਇਆ ਗਿਆ'' ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਵਿਚ ਧੋਣਾ ਸ਼ਾਮਲ ਸੀ। [12]ਮੂਲ ਲਿਖਤ ਵਿਚ, ''ਧੋਂਦਾ ਹੈ'' ਵਰਤਮਾਨ ਕਾਲ ਹੈ, ਜੋ ਯੂਨਾਨੀ ਵਿਚ *ਨਿਰੰਤਰ* ਕ੍ਰਿਆ ਨੂੰ ਦਰਸਾਉਂਦਾ ਹੈ। [13]ਇੱਥੇ ਆਣ ਕੇ ਮੈਂ ਲੱਕ ਦੁਆਲਿਓਂ ਤੌਲੀਆ ਉਤਾਰ ਕੇ ਆਪਣਾ ਕੋਟ ਫੇਰ ਪਹਿਨ ਲੈਂਦਾ ਹਾਂ। [14]ਕਿੰਗ ਜੇਮਸ ਵਾਲੇ ਅਨੁਵਾਦ ਵਿਚ ਵੀ ''ਮਾਸਟਰ'' ਸ਼ਬਦ ਵਰਤਿਆ ਗਿਆ ਹੈ, ਜੋ ਕਿ ਸਕੂਲ ਮਾਸਟਰ ਜਾਂ ਉਸਤਾਦ (ਪੜ੍ਹਾਉਣ ਵਾਲੇ) ਲਈ ਵਰਤਿਆ ਜਾਣ ਵਾਲਾ ਪੁਰਾਣਾ ਸ਼ਬਦ ਹੈ। [15]ਯਾਦ ਰੱਖੋ ਕਿ ਇਸ ਸਮੇਂ ਤਕ ਚੇਲਿਆਂ ਨੂੰ ਚਿਤ-ਚੇਤਾ ਨਹੀਂ ਸੀ ਕਿ ਯਹੂਦਾ ਯਿਸੂ ਨੂੰ ਫੜਵਾਉਣ ਵਾਲਾ ਹੋਵੇਗਾ (ਤੁਲਨਾ ਕਰੋ ਯੂਹੰਨਾ 13:28)। ਜੇ ਯਿਸੂ ਯਹੂਦਾ ਨਾਲ ਫ਼ਰਕ ਵਿਹਾਰ ਕਰਦਾ ਤਾਂ ਇਸ ਨਾਲ ਜ਼ਰੂਰ ਉਹਨਾਂ ਦਾ ਧਿਆਨ ਉਹਦੇ ਤੇ ਪੈ ਜਾਣਾ ਸੀ। [16]ਨਵਾਂ ਨੇਮ ਹਰ ਐਤਵਾਰ ਨੂੰ ਮਨਾਉਣ ਬਾਰੇ ਦੱਸਦਾ ਹੈ। [17]ਮੈਂ ਇਹ ਕਵਿਤਾ 4 ਮਾਰਚ, 1994 ਨੂੰ ਹਾਰਡਿੰਗ ਯੂਨੀਵਰਸਿਟੀ, ਸਰਸੀ, ਆਰਕੈਂਸਾ ਵਿਚ ਰਿਚਰਡ ਰੋਜਰਸ ਦੇ ਸੰਦੇਸ਼ ''ਦ ਚੈਲੇਂਜ ਆਫ਼ ਐਕਸੀਲੈਂਸ'' ਤੋਂ ਲਈ। [18]ਇਕ ਉਪਦੇਸ਼ ਵਿਚ, ਮੈਂ ਵੀ ਪੁੱਛਦਾ ਹਾਂ, ''ਭਲਾ ਅਸੀਂ ਮੰਡਲੀ ਦੀ ਸੇਵਾ ਕਰਨ ਲਈ ਤਿਆਰ ਹਾਂ?'' [19]ਇਹਨਾਂ ਸ਼ਬਦਾਂ ਵਿਚ ਕੁਦਰਤੀ ਹੀ ਇਕ ਸੱਦਾ ਮਿਲਦਾ ਹੈ।